# ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

## ਕੜੀ-32, ਸਦਾਬਹਾਰ ਧਰਤੀ: ਮਾਰੂਥਲੀਕਰਨ ਦਾ ਮੁਕਾਬਲਾ

## (Evergreen Earth: Combating Desertification)


ਖੋਜ ਡਾ. ਈ. ਆਰ. ਸੁਬਰਾਮਨੀਅਮ

ਲੜੀਵਾਰ ਸੰਯੋਜਕ: ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ



(This episode will briefly touch upon what is desertification, why does happen and what are the consequences of desertification. It will elaborate on what can be done to stop desertification. National andInternational efforts will be mentioned. The role that individuals can play shall be discussed as well.)

(ਇਸ ਕੜੀ ਵਿਚ ਅਸੀਂ ਜਾਣਾਂਗੇ ਕਿ ਮਾਰੂਥਲੀਕਰਨ ਕੀ ਹੁੰਦਾ ਹੈ, ਕਿਵੇਂ ਹੁੰਦਾ ਹੈ ਅਤੇ ਇਸ ਦੇ ਨਤੀਜੇ ਕੀ ਹੋ ਸਕਦੇ ਹਨ...ਮਾਰੂਥਲੀਕਰਨ ਨੂੰ ਰੋਕਣ ਦੇ ਉਪਾਅ ਕੀ ਹਨ ? ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਇਸ ਦੇ ਮੁਕਾਬਲੇ ਵਾਸਤੇ ਹੋ ਰਹੀਆਂ ਕੋਸ਼ਿਸ਼ਾਂ 'ਤੇ ਵੀ ਵਿਸਥਾਰਪੂਰਵਕ ਗੱਲ ਹੋਵੇਗੀ.. ਨਾਲ ਹੀ ਜਾਣਾਂਗੇ ਕਿ ਇਸ ਨੂੰ ਰੋਕਣ ਵਿਚ ਵਿਅਕਤੀਗਤ ਤੌਰ 'ਤੇ ਅਸੀਂ ਕਿਵੇਂ ਆਪਣੀ ਭੂਮਿਕਾ ਨਿਭਾ ਸਕਦੇ ਹਾਂ...?)


ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

*ਅਧਿਆਪਕ ਆਂਟੀ:* *ਇੱਕ ਔਰਤ*

*ਰਾਮੂ:* *ਇੱਕ ਆਦਮੀ*

*ਕਿਰਪਾਲ:* *ਇੱਕ ਆਦਮੀ*

*ਵਰਿੰਦਰ:* *ਇੱਕ ਬੱਚਾ*

*ਸਤਵਿੰਦਰ:* *ਇੱਕ ਔਰਤ ਸਰਪੰਚ*

*ਡਾ.ਰਵੀ:* *ਇੱਕ ਮਾਹਰ*

ਸੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਸੁਣ ਚੁੱਕੇ ਹੋ ਤੁਸੀਂ, ਇਕੱਤੀ ਕੜੀਆਂ ! ਇਨ੍ਹਾਂ ਰਾਹੀਂ ਹੋਈ ਹੈ ਚਰਚਾ, ਸਾਡੇ ਵਿਕਾਸ ਦੇ ਵਰਤਮਾਨ ਮਾਡਲ ਨਾਲ ਉਭਰੇ ਖਪਤਵਾਦ ਦੇ ਉਪਰ ਤੇ ਨਿੱਕਲ ਰਹੇ ਸਿੱਟਿਆਂ ਉੱਪਰ! ਹੋਈਆਂ ਨੇ ਵਿਚਾਰਾਂ ਉਨ੍ਹਾਂ ਖਤਰਿਆਂ ਬਾਬਤ, ਦਰਪੇਸ਼ ਨੇ ਜੋ ਮਨੁਖਤਾ ਨੂੰ ਅਤੇ ਸਾਡੇ ਇਸ ਧਰਤ ਗ੍ਰਹਿ ਨੂੰ ! ਅੱਜ ਦੀ ਕੜੀ ਵਿੱਚ ਹੈ ਪੇਸ਼ਕਾਰੀ "ਟਿਕਾਊ ਵਿਕਾਸ" ਦੇ ਇੱਕ ਹੋਰ ਪਹਿਲੂ 'ਤੇ ! ਕਹਾਣੀ ਹੈ ਅੱਜ ਸਾਡੀ ਇਸ ਸਦਾ ਬਹਾਰ ਧਰਤੀ ਦੀ ਇਸ ਵਿੱਚ ਹੋ ਰਹੇ ਮਾਰੂਥਲੀਕਰਨ ਦੀ ਤੇ ਇਸ ਦੇ ਮੁਕਾਬਲੇ ਦੀਆਂ ਜੁਗਤਾਂ ਤੇ ਯਤਨਾਂ ਦੀ !

ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ ਅੱਜ ਦੀ ਇਸ 32ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ ! ਸਾਰੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਹੋਰ ਸ੍ਰੋਤਿਆਂ ਨੂੰ , ਸਾਰਿਆਂ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ ਵਿੱਚ ਸੁਣਾਇਆ ਸੀ ਬ੍ਰਿਤਾਂਤ ਸਾਡੇ ਇਸ ਧਰਤ ਗ੍ਰਹਿ 'ਤੇ ਪਾਈ ਜਾਂਦੀ ਵੰਨ -ਸੁਵੰਨਤਾ ਦਾ!

**ਔਰਤ ਸੂਤਰਧਾਰ:** ਸੁਣਾਇਆ ਸੀ ਹਾਲ ਜੈਵਿਕ ਭਿੰਨਤਾ ਦਾ ! ਇਸ ਭਿੰਨਤਾ ਦੀ ਸਾਡੇ ਜੀਵਣ ਲਈ ਤੇ ਇਸ ਧਰਤੀ ਦੀ ਹੋਂਦ ਲਈ ਮਹੱਤਤਾ ਦਾ !

**ਮਰਦ ਸੂਤਰਧਾਰ:** ਸੁਣੀ ਸੀ ਤੁਸੀਂ ਕਹਾਣੀ ਕਿ ਕਿਵੇਂ ਹੋ ਜਾਂਦੀਆਂ ਨੇ ਅਲੋਪ ਕਈ ਪ੍ਰਜਾਤੀਆਂ ਜੀਵਾਂ ਦੀਆਂ ਇਸ ਧਰਤੀ ਤੋਂ ?

**ਔਰਤ ਸੂਤਰਧਾਰ:** ਹੋਇਆ ਸੀ ਵਾਰਤਾਲਾਪ ਕਿ ਸਾਲਾਨਾ ਅਲੋਪਣ ਦੀ ਦਰ ਹੈ 0.01% ਤੋਂ ਲੈਕੇ 0.1% ਤੱਕ !

**ਮਰਦ ਸੂਤਰਧਾਰ:** ਹੋਈ ਸੀ ਚਰਚਾ ਕਿ ਵੇਖਣ ਸੁਣਨ ਨੂੰ ਲਗਦੀ ਏ ਨਿਗੂਣੀ ਜਿਹੀ ਪਰ ਇਸਦਾ ਮਤਲਬ ਨਿੱਕਲਦਾ ਹੈ ਕਿ ਹਰ ਸਾਲ 200 ਤੋਂ 10,000 ਹਜਾਰ ਪ੍ਰਜਾਤੀਆਂ ਦਾ ਖਾਤਮਾ !

**ਔਰਤ ਸੂਤਰਧਾਰ:** ਸੁਣਿਆ ਸੀ ਕਿ ਇਹ ਸਾਰੀਆਂ ਪ੍ਰਜਾਤੀਆਂ ਨੇ ਜੁੜੀਆਂ ਆਪਸ ਦੇ ਵਿੱਚ ਇੱਕ ਤਾਣੇ ਬਾਣੇ ਰਾਹੀਂ !

**ਮਰਦ ਸੂਤਰਧਾਰ:**ਸੁਣਿਆ ਸੀ ਤਰੀਕਾ ਕਿ ਕਿਵੇਂ ਬਣਾਉਂਦੀਆਂ ਨੇ ਇਹ ਭੋਜਨ ਲੜੀ ਤੇ ਭੋਜਨ ਜਾਲਾ !

**ਔਰਤ ਸੂਤਰਧਾਰ:** ਹੋਈ ਸੀ ਗੱਲ ਕਿ ਕਿਵੇਂ ਅਸੀ ਨਿਰਭਰ ਹਾਂ ਇਸ ਵੰਨ -ਸੁਵੰਨਤਾ ਉਪਰ ਸਾਡੇ ਭੋਜਨ ਲਈ , ਹੋਰ ਸਮੱਗਰੀ ਲਈ ਤੇ ਦਵਾਈਆਂ ਲਈ ਵੀ !

**ਮਰਦ ਸੂਤਰਧਾਰ:** ਦੱਸਿਆ ਸੀ ਕਿ ਕੁਦਰਤੀ ਸੰਤੁਲਨ ਬਣਾਏ ਰੱਖਣ ਦੇ ਲਈ 'ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਸੇ ਨੂੰ ਸੁਰੱਖਿਅਤ ਰੱਖਣ ਦੇ ਲਈ ਸਾਨੂੰ ਚੁਣਨੀ ਪਵੇਗੀ ਟਿਕਾਊ ਵਿਕਾਸ ਦੀ ਪਗਡੰਡੀ !

**ਔਰਤ ਸੂਤਰਧਾਰ:** ਅੱਜ ਸੁਣਾਵਾਂਗੇ ਕਹਾਣੀ ਅਸੀਂ ਇਸ ਹਰੀ ਭਰੀ ਸਦਾ ਬਹਾਰ ਧਰਤੀ ਦੀ ! ਇਸ ਤੇ ਹੋ ਰਹੇ ਮਾਰੂਥਲੀਕਰਨ ਦੀ !

**ਮਰਦ ਸੂਤਰਧਾਰ:** ਕਹਾਣੀ, ਇਸ ਮਾਰੂਥਲੀ ਕਰਨ ਨੂੰ ਰੋਕਣ ਲਈ ਮੁਕਾਬਲੇ ਵਿੱਚ ਕੀਤੇ ਜਾਣ ਵਾਲੇ ਤੇ ਹੋ ਰਹੇ ਯਤਨਾਂ ਦੀ ਵੀ !

**ਔਰਤ ਸੂਤਰਧਾਰ:** ਕਹਾਣੀ ਰਾਸਟਰੀ , ਅੰਤਰ-ਰਾਸਟਰੀ ਤੇ ਵਿਅਕਤੀਗਤ ਯਤਨਾਂ ਦੀ ਤਾਂ ਜੋ ਪਾ ਸਕੀਏ ਠੱਲ੍ਹ ਅਸੀਂ ਇਸ ਮਾਰੂਥਲੀਕਰਨ ਨੂੰ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ – "**ਚਲਦੀ ਰਹੇ ਇਹ ਜਿੰਦਗੀ**" ਦੀ 32ਵੀਂ ਕੜੀ ," **ਸਦਾਬਹਾਰ ਧਰਤੀ: ਮਾਰੂਥਲੀਕਰਨ ਦਾ ਮੁਕਾਬਲਾ**"! ਲਓ ਸੁਣੋ ਹੁਣ ! ਇਉਂ ਪੇਸ਼ ਕਰਦੇ ਨੇ ਸਾਡੇ ਕਲਾਕਾਰ ਸਾਡੀ ਅੱਜ ਦੀ ਇਸ ਕਹਾਣੀ ਨੂੰ !

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

…………**ਕੜੀ ਦਾ ਸੰਗੀਤ**…………

**ਸਿਰਲੇਖ ਧੁਨੀ ……………………………………ਮੱਧਮ ਪੈਂਦੀ ਹੈ**

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ –ਪਹਿਲਾ**

**(ਸਵੇਰ ਦਾ ਸਮਾਂ, ਸਾਇਕਲ ਦੀ ਘੰਟੀ ਦੀ ਆਵਾਜ਼, ਟ੍ਰੈਫਿਕ ਦੀ ਅਵਾਜ਼, ਬੱਸਾਂ ਦੇ ਹਾਰਨਾਂ ਦੀ ਅਵਾਜ਼, ਗੇਟ ਦੀ ਘੰਟੀ ਵੱਜਦੀ ਹੈ)**

**ਅਧਿਆਪਕ (ਆਪਣੇ-ਆਪ ਨਾਲ ਹੀ ਹੌਲੀ ਅਵਾਜ਼ ਵਿਚ ਗੱਲ ਕਰਦੇ ਹੋਏ):** ਇਹ ਤਾਂ ਰਾਮੂ ਹੀ ਹੋਵੇਗਾ.. ਦੁੱਧ ਲੈ ਕੇ ਆਇਆ ਹੋਵੇਗਾ… ਬਿਲਕੁਲ ਸਮੇਂ 'ਤੇ ਆਉਂਦਾ ਹੈ ਹਮੇਸ਼ਾ… ਮੈਂ ਭਾਂਡਾ ਲੈ ਆਵਾਂ..

**(ਭਾਂਡੇ ਦੀ ਆਵਾਜ਼)**

**ਅਧਿਆਪਕ (ਜ਼ੋਰ ਨਾਲ ਚੀਕਦੇ ਹੋਏ):** ਆਈ ਰਾਮੂ, ਬਸ! ਇਕ ਮਿੰਟ…

**(ਦਰਵਾਜ਼ਾ ਖੁੱਲ੍ਹਣ ਦੀ ਅਵਾਜ਼)**

**ਅਧਿਆਪਕ (ਹੈਰਾਨ ਹੁੰਦੇ ਹੋਏ):** ਓ ਵਰਿੰਦਰ ! ਅੱਜ ਤੂੰ ਦੁੱਧ ਲੈ ਕੇ ਕਿਉਂ ਆਇਆ ਹੈਂ ? ਸਕੂਲ ਨਹੀਂ ਜਾਣਾ?

**ਵਰਿੰਦਰ:** ਪਾਪਾ ਪਿੰਡ ਗਏ ਨੇ ਆਂਟੀ… ਮੇਰੇ ਚਾਚਾ ਜੀ ਨੇ ਦੱਸਿਆ ਕਿ ਪਿਛਲੇ ਕੁਝ ਸਾਲਾਂ ਤੋਂ ਸਾਡੇ ਪਿੰਡ ਖੇਤੀ ਠੀਕ ਤਰ੍ਹਾਂ ਨਹੀਂ ਹੋ ਰਹੀ.. ਇਸ ਸਾਲ ਤਾਂ ਹਲਾਤ ਹੋਰ ਜ਼ਿਆਦਾ ਖ਼ਰਾਬ ਹਨ… ਕੁਝ ਵੀ ਨਹੀਂ ਪੈਦਾ ਹੋ ਰਿਹਾ… ਇਸ ਲਈ ਉੱਥੇ ਕਿਸੇ ਸਰਕਾਰੀ ਮਾਹਰ ਨੂੰ ਬੁਲਾਇਆ ਗਿਆ ਹੈ… ਜਿਸ ਤੋਂ ਪਤਾ ਲੱਗ ਸਕੇ ਕਿ ਆਖਿਰ ਕੀ ਗੜਬੜ ਹੈ… ਟੁਨਟੁਨੀ ਦੇ ਪਾਪਾ, ਦੋਪੇਨ ਦੇ ਪਾਪਾ ਅਤੇ ਹਰੀਸ਼ ਦੇ ਪਾਪਾ ਵੀ ਸਾਡੇ ਪਿੰਡ ਵਿਚ ਹੀ ਹਨ…ਉਹ ਵੀ ਗਏ ਹਨ…

**ਅਧਿਆਪਕ :** ਚੰਗਾ! ਤਾਂ ਰਾਮੂ ਪਿੰਡ ਗਿਆ ਹੋਇਆ ਐ ! …ਉਹ ਕਦੋਂ ਮੁੜੇਗਾ?

**ਵਰਿੰਦਰ:**ਅੱਜ ਰਾਤ ਤੱਕ ਵਾਪਸ ਆਉਗੇ..**(ਭਾਂਡੇ ਵਿਚ ਦੁੱਧ ਪਾਉਣ ਦੀ ਅਵਾਜ਼)** ਇਹ ਲਉ ਆਂਟੀ.. ਮੈਂ ਹੁਣੇ ਸਕੂਲ ਜਾਵਾਂਗਾ.. ਲੇਟ ਤਾਂ ਹੋਵਾਂਗਾ ਹੀ ਹੁਣ .. ਮੈਂ ਤਾਂ ਸਿਰਫ਼ ਤੁਹਾਨੂੰ ਦੁੱਧ ਦੇਣ ਆਇਆ ਸੀ…

**ਅਧਿਆਪਕ:** ਅੱਛਾ ਵਰਿੰਦਰ…! ਰਾਮੂ ਨੂੰ ਆਖਣਾ ਕੱਲ੍ਹ ਆ ਕੇ ਮੈਨੂੰ ਮਿਲੇ…. ਬਹੁਤ ਸਮੇਂ ਤੋਂ ਜੇਕਰ ਫ਼ਸਲ ਚੰਗੀ ਨਹੀਂ ਹੋ ਰਹੀ ਤਾਂ ਇਸ ਦਾ ਮਤਲਬ ਹੈ ਕਿ ਮਿੱਟੀ ਉਪਜਾਊ ਨਹੀਂ ਰਹੀ... ਹੋ ਸਕਦਾ ਮੈਂ ਕੁਝ ਮੱਦਦ ਕਰ ਸਕਾ… ਖੇਤੀਬਾੜੀ ਵਿਭਾਗ ਵਿਚ ਮੇਰੇ ਕੁਝ ਦੋਸਤ ਹਨ…ਪਰ, ਹੁਣ ਛੇਤੀ ਕਰ…ਨਹੀਂ ਤਾਂ ਸਕੂਲ ਜਾਣ ਵਿਚ ਦੇਰ ਹੋ ਜਾਵੇਗੀ…

**ਦ੍ਰਿਸ਼ ਬਦਲਾਅ ਸੰਗੀਤ**

**ਦ੍ਰਿਸ਼ -ਦੂਜਾ**

**(ਪਿੰਡ ਦਾ ਦ੍ਰਿਸ਼, ਪੰਛੀਆਂ ਦੇ ਚਹਿਚਹਾਉਣ ਦੀ ਅਵਾਜ਼, ਖੇਤਾਂ ਨੂੰ ਪਾਣੀ ਲਾਉਣ ਦੀ ਅਵਾਜ਼, ਮੋਟਰਸਾਇਕਲ ਦੀ ਅਵਾਜ਼ ਅਤੇ ਲੋਕਾਂ ਦੇ ਆਪਸ ਵਿਚ ਗੱਲ ਕਰਨ ਦੀ ਅਵਾਜ਼)**

**(ਅਚਾਨਕ ਮਾਇਕ ਵਿਚੋਂ ਸੀਟੀ ਦੀ ਤੇਜ਼ ਅਵਾਜ਼ ਅਤੇ ਉਸ ਦੇ ਬਾਅਦ ਮਾਇਕ 'ਤੇ ਕਿਸੇ ਦੇ ਬੋਲਣ ਦੀ ਅਵਾਜ਼)**

**ਰਾਮੂ:** ਮੰਚ 'ਤੇ ਸਰਪੰਚ ਮੌਜੂਦ ਹੈ ! ਉਨ੍ਹਾਂ ਦੇ ਨਾਲ ਸਰਕਾਰੀ ਕਰਮਚਾਰੀ ਵੀ ਹਨ...

**ਕਿਰਪਾਲ (ਹੱਸਦਾ ਹੋਇਆ):** ਐਨਾ ਜਵਾਨ ਆਦਮੀ... ਐਨੇ ਚੰਗੇ ਸੂਟ-ਬੂਟ ਵਿਚ...! ਇਹ ਸਾਨੂੰ ਖੇਤੀ ਦੇ ਬਾਰੇ ਕੀ ਸਿਖਾਉਗਾ...ਅਸੀਂ ਪੀੜ੍ਹੀਆਂ ਤੋਂ ਖੇਤੀ ਕਰਦੇ ਆ ਰਹੇ ਹਾਂ ਅਤੇ ਹੁਣ ਇਹ ਸ਼ਹਿਰੀ ਲੋਕ ਸਾਨੂੰ ਖੇਤੀ ਕਰਨਾ ਸਿਖਾਉਣਗੇ...?

**ਰਾਮੂ (ਸ਼ਾਂਤ ਭਾਵ ਨਾਲ):** ਕੀ ਪਤਾ.. ਦੇਖਣ ਵਿਚ ਇਹ ਪੜ੍ਹਿਆ-ਲਿਖਿਆ ਲੱਗਦਾ ਹੈ... ਹੋ ਸਕਦਾ ਹੈ ਕਿ ਇਹ ਸਾਨੂੰ ਕੁਝ ਨਵਾਂ ਸਿਖਾਉਣ.. ਕੁਝ ਵਿਗਿਆਨਕ ਤਰੀਕੇ.. ਅਸੀਂ ਤਾਂ ਕਦੇ ਸਕੂਲ ਨਹੀਂ ਗਏ.. ਅਤੇ ਅੱਜ-ਕੱਲ੍ਹ ਤਾਂ ਅਸੀਂ ਖੇਤੀ ਵਿਚ ਵੀ ਕੁਝ ਨਵਾਂ ਨਹੀਂ ਕਰ ਰਹੇ...

**ਕਿਰਪਾਲ:** ਮੈਂ ਤਾਂ ਖੇਤੀ ਕਰਨੀ ਹੀ ਛੱਡ ਦਿੱਤੀ.... ਹੁਣ ਮੇਰਾ ਭਰਾ ਖੇਤੀ ਕਰਦੈ.. ਪਰ, ਜਮੀਨ ਅਜੇ ਵੀ ਮੇਰੀ ਹੈ... ਅਤੇ ਮੈਂ ਚਾਹੁੰਦਾ ਹਾਂ ਕਿ ਇਸ ਵਿਚ ਚੰਗੀ ਫ਼ਸਲ ਹੋਵੇ... ਇਸ ਲਈ ਮੈਂ ਤਾਂ ਆਪਣੇ ਭਰਾ ਨੂੰ ਆਖਦਾ ਹਾਂ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਖਾਦ ਦੀ ਵਰਤੋਂ ਕਰੇ...!

**ਰਾਮੂ:** ਇਹ ਤਰੀਕਾ ਤਾਂ ਠੀਕ ਨਹੀਂ... ਪਰ,ਅਸੀਂ ਕਰ ਵੀ ਸਕਦੇ ਹਾਂ.. ਲੋੜਾਂ ਵੱਧ ਗਈਆਂ ! ਜੇਕਰ ਫ਼ਸਲ ਚੰਗੀ ਹੋਵੇਗੀ ਤਾਂ ਫਾਇਦਾ ਵੀ ਤਾਂ ਹੋਵੇਗਾ... ਮੈਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਪੈਸਾ ਚਾਹੀਦੈ.. ਅਸੀਂ ਤਾਂ ਪਿਛਲੇ ਸਾਲ ਖੇਤੀ ਵਾਸਤੇ ਭੋਂ ਖਾਲੀ ਕਰਨ ਲਈ ਕੁਝ ਰੁੱਖ ਵੀ ਵੱਢ ਦਿੱਤੇ ਸਨ ...... ਪਰ......

**ਕਿਰਪਾਲ:** ਪਰ, ਉਹ ਰੁੱਖ ਤਾਂ ਉੱਥੇ ਸਾਲਾਂ ਤੋਂ ਸਨ......

**(ਮਾਈਕ ਦੀ ਆਵਾਜ਼...ਜਿਵੇਂ ਕਿ ਕੋਈ ਉਸ 'ਤੇ ਉਂਗਲੀ ਨਾਲ ਠੱਕ-ਠੱਕ ਕਰਕੇ ਦੇਖ ਰਿਹਾ ਹੋਵੇ ਕਿ ਸਹੀ ਤਰੀਕੇ ਨਾਲ ਚੱਲ ਰਿਹਾ, ਤੇਜ਼ ਹਵਾ ਚੱਲਣ ਦੀ ਅਵਾਜ਼, ਟ੍ਰੈਕਟਰ, ਸਾਈਕਲ ਦੀ ਘੰਟੀ ਦੀ ਆਵਾਜ਼ ਜਿਵੇਂ ਕਿ ਪਿੰਡ ਦੇ ਖੁੱਲ੍ਹੇ ਅਸਮਾਨ ਦੇ ਹੇਠਾਂ ਸਭਾ ਲੱਗੀ ਹੋਵੇ)**

**ਸਤਵਿੰਦਰ:** ਤੁਹਾਨੂੰ ਸਾਰਿਆਂ ਨੂੰ ਮੇਰੇ ਵੱਲੋਂ ਜੀ ਆਇਆ ਨੂੰ... ਕੀ ਤੁਸੀਂ ਸਾਰੇ ਮੈਨੂੰ ਸੁਣ ਸਕਦੇ ਹੋ..

**ਸਾਰੇ ਲੋਕ ਇਕੱਠੇ:** ਜੀ ਹਾਂ...

**ਸਤਵਿੰਦਰ:** ਮੈਨੂੰ ਖੁਸ਼ੀ ਹੈ ਕਿ ਅੱਜ ਤੁਸੀਂ ਸਾਰੇ ਇੱਥੇ ਆਏ ਹੋ... ਤੁਸੀਂ ਜਾਣਦੇ ਹੀ ਹੋ ਕਿ ਸਾਡੀ ਜ਼ਮੀਨ ਤੋਂ ਫ਼ਸਲਾਂ ਦਾ ਝਾੜ ਲਗਾਤਾਰ ਘਟਦਾ ਜਾ ਰਿਹਾ ਹੈ...ਇਸੇ ਮਸਲੇ ਨੂੰ ਲੈ ਕੇ ਇਹ ਸਭਾ ਬੁਲਾਈ ਗਈ ਹੈ.. ਇਸ ਦਾ ਕਾਰਨ ਹੈ ਸਾਡੀ ਮਿੱਟੀ ! ਜੋ ਲਗਾਤਾਰ ਸੋਕੇ ਦਾ ਸ਼ਿਕਾਰ ਹੋ ਕੇ ਬੰਜਰ ਹੁੰਦੀ ਜਾ ਰਹੀ ਹੈ... ਅੱਜ ਸਾਡੇ ਦਰਮਿਆਨ ਡਾ. ਰਵੀ ਮੌਜੂਦ ਹਨ... ਉਹ ਇਸ ਮਸਲੇ 'ਤੇ ਸਾਡੇ ਨਾਲ ਗੱਲ ਬਾਤ ਕਰਨਗੇ...!

**ਡਾ.ਰਵੀ:** ਸਾਰਿਆਂ ਨੂੰ ਮੇਰੇ ਵੱਲੋਂ ਨਮਸਤੇ.. (ਥੋੜ੍ਹਾ ਰੁਕ ਕੇ) ਤੁਸੀਂ ਸਾਰੇ ਮੇਰੇ ਨਾਲੋਂ ਉਮਰ ਵਿਚ ਵੱਡੇ ਹੋ... ਜ਼ਾਹਿਰ ਹੈ ਖੇਤੀ ਵਿਚ ਤੁਹਾਡਾ ਅਨੁਭਵ ਮੇਰੇ ਨਾਲੋਂ ਜ਼ਿਆਦਾ ਹੈ.. ਤੁਹਾਨੂੰ ਪੀੜ੍ਹੀਆਂ ਤੋਂ ਖੇਤੀ ਕਰਨ ਦਾ ਅਨੁਭਵ ਹੈ...!

**ਰਾਮੂ ਤੇ ਕਿਰਪਾਲ (ਆਪਸ ਵਿਚ ਗੱਲ ਕਰਦੇ ਹੋਏ):** ਬਿਲਕੁਲ ਸਹੀ ਕਿਹਾ...!

**ਡਾ.ਰਵੀ:** ਪਰ, ਮੈਂ ਅੱਜ ਆਪ ਸੱਭ ਨਾਲ ਇੱਕ ਨਵੀਂ ਸਮੱਸਿਆ ਦੇ ਬਾਰੇ ਗੱਲ ਕਰਨ ਆਇਆ ਹਾਂ... ਜਿਸ ਨੂੰ ਮਾਰੂਥਲੀਕਰਨ ਕਿਹਾ ਜਾਂਦਾ ਹੈ !

**(ਭੀੜ ਵਿਚ ਲੋਕ ਇਸ ਸ਼ਬਦ ਨੂੰ ਦਹੁਰਾਉਂਦੇ ਹੋਏ)**

**ਲੋਕ:** ਮਾਰੂਥਲੀਕਰਨ...!

**ਡਾ.ਰਵੀ:** ਹਾਂ ਮਾਰੂਥਲੀਕਰਨ...! ਇਹ ਸ਼ਬਦ ਤੁਹਾਡੇ ਲਈ ਨਵਾਂ ਹੈ... ਪਰ, ਤੁਸੀਂ ਸਾਰੇ ਆਪਣੇ ਇਲਾਕੇ ਵਿੱਚ ਇਸ ਪ੍ਰਕਿਰਿਆ ਨੂੰ ਕਈ ਦਹਾਕਿਆਂ ਤੋਂ ਆਪਣੇ ਅੱਖੀਂ ਦੇਖਦੇ ਆਏ ਹੋ.. ਇਹ ਬਹੁਤ ਹੀ ਧੀਮੀ ਪ੍ਰਕਿਰਿਆ ਹੈ..ਉਪਜਾਊ ਮਿੱਟੀ ਹੌਲੀ-ਹੌਲੀ ਮਾਰੂਥਲ ਵਰਗੀ ਬਣਦੀ ਜਾਂਦੀ ਹੈ...!

**ਰਾਮੂ:** ਵਾਹ ! ਇਹ ਤਾਂ ਬਿਲਕੁਲ ਠੀਕ ਹੈ... ਅਸੀਂ ਤਾਂ ਅਕਸਰ ਹੀ ਗੱਲ ਕਰਦੇ ਹਾਂ ਕਿ ਸਾਡੇ ਪਾਣੀ ਦੇ ਸਾਧਨ ਸੁੱਕ ਰਹੇ ਹਨ... ਅਤੇ ਸਾਡੀ ਜ਼ਮੀਨ ਬੰਜਰ ਹੁੰਦੀ ਜਾ ਰਹੀ ਹੈ...!

**ਡਾ.ਰਵੀ:** ਮੈਨੂੰ ਖੁਸ਼ੀ ਹੈ ਕਿ ਤੁਸੀਂ ਮੇਰੀਆਂ ਗੱਲਾਂ ਨੂੰ ਸਮਝ ਰਹੇ ਹੋ...! ਗੱਲ ਅੱਗੇ ਤੋਰਨ ਤੋਂ ਪਹਿਲਾਂ ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਹੋਵੇ ਤਾਂ ਤੁਸੀਂ ਉਹ ਸੱਭ ਦੇ ਸਾਹਮਣੇ ਬੇਝਿਜਕ ਰੱਖ ਸਕਦੇ ਹੋ !

**ਰਾਮੂ:** ਹਾਂ ਜੀ ਹੈ ਸਵਾਲ !

**ਡਾ.ਰਵੀ:** ਹਾਂ ਹਾਂ ! ਪੁੱਛੋ ਕੀ ਪੁੱਛਣਾ ਚਾਹੁੰਦੇ ਹੋ !

**ਰਾਮੂ:** ਇਹ ਦੱਸੋ ਕਿ ਮਾਰੂਥਲੀਕਰਨ ਹੁੰਦਾ ਕਿਵੇਂ ਹੈ ਅਤੇ ਇਸ ਨੂੰ ਰੋਕਿਆ ਕਿਵੇਂ ਜਾ ਸਕਦਾ ਹੈ...?

**ਡਾ.ਰਵੀ:** ਬਹੁਤ ਢੁੱਕਵਾਂ ਪ੍ਰਸ਼ਨ ਹੈ ! ਮਾਰੂਥਲੀਕਰਨ ਦੇ ਪਿੱਛੇ ਸਭ ਤੋਂ ਵੱਡੇ ਕਾਰਨ ਨੇ, ਜ਼ਰੂਰਤ ਤੋਂ ਜ਼ਿਆਦਾ ਵਾਹੀ... ਰੁੱਖਾਂ ਦੀ ਕਟਾਈ ਅਤੇ ਜਾਨਵਰਾਂ ਨੂੰ ਜ਼ਰੂਰਤ ਤੋਂ ਜ਼ਿਆਦਾ ਚਰਾਉਣਾ ! ਇਸ ਨਾਲ ਖੇਤੀਯੋਗ ਭੂਮੀ ਮਾਰੂਥਲ ਵਿਚ ਤਬਦੀਲ ਹੋ ਰਹੀ ਹੈ..

**ਸਤਵਿੰਦਰ:** ਕਈ ਸਾਰੇ ਅਜਿਹੇ ਲੋਕ ਵੀ ਇੱਥੇ ਮੌਜੂਦ ਹਨ ਜਿਹੜੇ ਉਤਪਾਦਨ ਘੱਟਣ ਕਰਕੇ, ਪਾਣੀ ਦੇ ਸਾਧਨ ਸੁੱਕਣ ਕਰਕੇ ਸ਼ਹਿਰਾਂ ਵੱਲ ਚਲੇ ਗਏ...! ਉਹ ਕਹਿੰਦੇ ਨੇ ਕਿ ਇਨ੍ਹਾਂ ਸੋਕੇ ਦੀਆਂ ਹਾਲਤਾਂ ਤੇ ਬੰਜਰ ਹੁੰਦੀ ਭੋਂ ਕਾਰਨ ਲੋਕਾਂ ਨੂੰ ਨਵੀਂ ਥਾਂ ਜਾਣਾ ਹੀ ਪੈਂਦਾ ਹੈ...!

**ਡਾ.ਰਵੀ:** ਹਾਂ ਜੀ ! ਉਹ ਤਾਂ ਸਰਦੇ ਪੁਜਦੇ ਮੁੱਠੀ ਭਰ ਲੋਕ ਚਲੇ ਗਏ ਸ਼ਹਿਰਾਂ ਨੂੰ ! ਪਰ ਬਾਕੀਆਂ ਨੇ ਤਾਂ ਇੱਥੇ ਹੀ ਰਹਿਣਾ ਹੈ ......... ਇਸ ਵਾਸਤੇ ਇਸ ਸਮੱਸਿਆ ਦੇ ਹੱਲ ਵੱਲ ਵੱਧਣ ਦੀ ਲੋੜ ਹੈ !

**ਕਿਰਪਾਲ:** ਨਹੀਂ ਜੀ ! ਅਸੀਂ ਵੀ ਮਜਬੂਰੀ ਵਿੱਚ ਗਏ ਹਾਂ ! ਉਥੇ ਵੀ ਗੁਜਰ ਬਸਰ ਬਹੁਤ ਮੁਸ਼ਕਲ ਹੈ ! ਨਾਲੇ ਅੰਨ ਦੁੱਧ ਸਬਜੀਆਂ ਆਦਿ ਤਾਂ ਪਿੰਡਾਂ ਵਿੱਚੋਂ ਹੀ ਜਾਂਦੀਆਂ ਨੇ ਸ਼ਹਿਰਾਂ ਨੂੰ !

**ਰਾਮੂ:** ਆਹੋ ਜੀ ਉਹ ਕਿਹੜਾ ਕੋਠਿਆਂ ਤੇ ਉਗਾ ਲੈਣਗੇ ਅੰਨ ! ਇੱਕ ਦਿਨ ਦੁੱਧ ਨਾ ਜਾਵੇ ਤਾਂ ਔਖੇ ਹੋ ਜਾਂਦੇ ਨੇ ਸ਼ਹਿਰੀ ਲੋਕ ਵੀ ! ਖੇਤਾਂ ਨੂੰ ਤੇ ਪਿੰਡਾਂ ਨੂੰ ਬਚਾਉਣਾ ਤਾਂ ਜਰੂਰੀ ਹੈ ।

**ਡਾ.ਰਵੀ:** ਹਾਂ ਜੀ ! ਸਹੀ ਕਿਹਾ ! ਇਸੇ ਲਈ ਤਾਂ ਮਾਰੂਥਲੀਕਰਨ ਦਾ ਮੁਕਾਬਲਾ ਕਰਨ ਲਈ ਹੋ ਰਹੇ ਨੇ ਯਤਨ !

**ਕਿਰਪਾਲ:** ਸ੍ਰੀਮਾਨ ਜੀ ! ਕੀ ਨੇ ਉਹ ਯਤਨ ਕਰ ਸਕਦੇ ਨੇ ਜੋ ਮੁਕਾਬਲਾ ਇਸ ਮਾਰੂਥਲੀਕਰਨ ਦਾ !

**ਡਾ.ਰਵੀ:** ਪਹਿਲ ਪ੍ਰਿਥਮੇ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਜੇਕਰ ਇਹ ਮਾਰੂਥਲੀਕਰਨ ਇੱਕ ਵਾਰ ਹੋ ਗਿਆ ਤਾਂ ਇਸ ਨੂੰ ਠੀਕ ਕਰਨਾ ਬਹੁਤ ਮੁਸ਼ਕਿਲ ਹੈ… ! ਇਸ ਲਈ ਜਰੂਰੀ ਹੈ ਕਿ ਇਸ ਅਮਲ ਨੂੰ ਰੋਕਿਆ ਜਾਵੇ !

**ਰਾਮੂ:** ਸਹੀ ਕਿਹਾ ਜੀ ! ਵੇਲੇ ਸਿਰ ਸੰਭਲਣ ਵਿੱਚ ਹੀ ਸਿਆਣਪ ਹੈ ! ਨਹੀਂ ਤਾਂ ਵੇਲੇ ਦਾ ਕੰਮ ਕੁਵੇਲੇ ਦੀਆਂ ਟੱਕਰਾਂ !

**ਕਿਰਪਾਲ:** ਆਹੋ ਜੀ ! ਸੱਪ ਲੰਘੇ ਤੋਂ ਲਾਠੀਆਂ ਮਾਰਨ ਵਾਲੀ ਗੱਲ ਹੀ ਹੋ ਜਾਵੇਗੀ ਫਿਰ ਤਾਂ !

**ਡਾ.ਰਵੀ:** ਬਿਲਕੁਲ ਸਹੀ ਕਿਹਾ ! ਇਸ ਮਾਰੂਥਲੀਕਰਨ ਨੂੰ ਰੋਕਣ ਵਾਸਤੇ ਸਾਨੂੰ ਸੱਭ ਨੂੰ ਮਿਲ ਕੇ ਲੰਮੇ ਸਮੇਂ ਤੱਕ ਚੱਲਣ ਵਾਲੇ ਕੁਝ ਅਜਿਹੇ ਉਪਾਅ ਕਰਨੇ ਹੋਣਗੇ ਜਿਸ ਨਾਲ ਧਰਤੀ ਨਾ ਕੇਵਲ ਸਾਡੇ ਲਈ ਬਲਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਵੀ ਉਪਜਾਊ ਬਣੀ ਰਹੇ…!

**ਰਾਮੂ:** ਲੰਮੇ ਸਮੇਂ ਤੱਕ ਚੱਲਣ ਵਾਲੇ ਉਪਾਅ…? ਮਤਲਬ ?

**ਡਾ.ਰਵੀ:** ਮਤਲਬ … ਕੁਝ ਅਜਿਹੇ ਤਰੀਕੇ ਹਨ ਜਿਹੜੇ ਅੱਜ ਵੀ ਕੰਮ ਆ ਸਕਦੇ ਹਨ ਤੇ ਆਉਣ ਵਾਲੇ ਕਈ ਸਾਲਾਂ ਤੱਕ ਵੀ ਤੁਹਾਡੀ ਮੱਦਦ ਕਰਦੇ ਰਹਿਣਗੇ…!

**ਕਿਰਪਾਲ:** ਆਹੋ ਜੀ !ਵਿਕਾਸ ਦੇ ਸੰਦਰਭ ਵਿਚ ਕੁਝ ਅਜਿਹੇ ਤਰੀਕਿਆਂ ਨਾਲ ਕੰਮ ਕਰਨਾ ਚਾਹੀਦਾ ਹੈ ਜਿਸ ਨਾਲ ਅੱਜ ਦੀਆਂ ਜ਼ਰੂਰਤਾਂ ਵੀ ਪੂਰੀਆਂ ਹੋ ਜਾਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਵੀ ਸ੍ਰੋਤ ਬਚੇ ਰਹਿਣ !

**ਰਾਮੂ:** ਇਸਦੇ ਲਈ ਤਾਂ ਜ਼ਰੂਰੀ ਹੈ ਕਿ ਸਥਾਨਕ ਸੰਸਥਾਵਾਂ, ਵਿਸ਼ਵ ਸੰਸਥਾਵਾਂ, ਸਰਕਾਰ ਅਤੇ ਅਸੀਂ ਸਾਰੇ ਮਿਲ ਕੇ ਆਪਣੇ-ਆਪਣੇ ਹਿੱਸੇ ਦਾ ਕੰਮ ਲਗਨ ਨਾਲ ਕਰੀਏ !

**ਸਤਵਿੰਦਰ:** ਡਾ. ਸਾਹਿਬ! ਪਰ ਇਹ ਮਾਰੂਥਲੀਕਰਨ ਦੀ ਸਮੱਸਿਆ ਕੇਵਲ ਸਾਡੇ ਇੱਕ ਜਾ ਦੋ ਪਿੰਡਾਂ ਤੱਕ ਹੀ ਸੀਮਤ ਤਾਂ ਹੈ ਨਹੀਂ… ਅਸੀਂ ਵਿਸ਼ਾਲ ਪੱਧਰ ‘ਤੇ ਲੋਕਾਂ ਦੇ ਸਹਿਯੋਗ ਨਾਲ ਇਸ ਮਸਲੇ ਦਾ ਹੱਲ ਕਿਵੇਂ ਲੱਭ ਸਕਦੇ ਹਾਂ…?

**ਡਾ.ਰਵੀ:** ਪੂਰੀ ਦੁਨੀਆ ਦੇ ਵਿਗਿਆਨੀਆਂ ਤੇ ਸਿਆਸੀ ਆਗੂਆਂ ਨੂੰ ਇਸ ਸਮੱਸਿਆ ਦਾ ਗਿਆਨ ਹੋ ਗਿਆ ਹੈ ।ਇਹ ਤੱਥ ਆਪਣੇ ਆਪ ਵਿੱਚ ਹੀ ਇਸ ਸਮੱਸਿਆ ਦੇ ਹੱਲ ਦੇ ਇੱਕ ਪੜਾਅ ਨੂੰ ਸਰ ਕਰ ਲੈਣ ਦੇ ਤੁੱਲ ਹੈ ।

**ਸਤਵਿੰਦਰ:** ਹਾਂ ! ਕੋਈ ਵੀ ਦੇਸ਼ ਇਸ ਤਰ੍ਹਾਂ ਦੀ ਵੱਡੀ ਅਤੇ ਲਗਾਤਾਰ ਵਧ ਰਹੀ ਸਮੱਸਿਆ ਨੂੰ ਅੱਖੋਂ ਓਹਲੇ ਨਹੀਂ ਕਰ ਸਕਦਾ !

**ਡਾ.ਰਵੀ:** ਦੁਨੀਆਂ ਦੇ 260 ਕਰੋੜ ਲੋਕ ਖੇਤੀ ‘ਤੇ ਨਿਰਭਰ ਹਨ…ਪਰ, ਖੇਤੀ ਵਾਲੀ ਜ਼ਮੀਨ ਦਾ 52% ਮਾਰੂਥਲੀਕਰਨ ਨਾਲ ਬਰਬਾਦ ਹੋ ਚੁੱਕਿਆ ਹੈ.. ਇਸਦਾ ਸਿੱਧਾ ਅਸਰ ਡੇਢ ਸੌ ਕਰੋੜ ਲੋਕਾਂ ‘ਤੇ ਪੈਂਦਾ ਹੈ.. ਹਰ ਸਾਲ ਇਕ ਕਰੋੜ ਵੀਹ ਲੱਖ ਹੈਕਟੇਅਰ ਜ਼ਮੀਨ ਬਰਬਾਦ ਹੋ ਜਾਂਦੀ ਹੈ… ਜਿਸ ‘ਤੇ ਘੱਟੋ-ਘੱਟ ਦੋ ਕਰੋੜ ਟਨ ਅਨਾਜ ਉਗਾਇਆ ਜਾ ਸਕਦਾ ਹੈ…!

**ਸਤਵਿੰਦਰ:** ਪਰ, ਕੀ ਅਜੇ ਤੱਕ ਇਸ ਦਿਸ਼ਾ ਵਿਚ ਵਿਸ਼ਵ ਪੱਧਰ ‘ਤੇ ਕੋਈ ਉਪਰਾਲੇ ਹੋਏ ਨੇ ?

**ਡਾ.ਰਵੀ:** ਇਸ ਸਮੱਸਿਆ ‘ਤੇ ਚਰਚਾ 1992 ਵਿਚ ਰਿਓ ਧਰਤ ਸੰਮੇਲਨ ਵਿਚ ਸ਼ੁਰੂ ਹੋਈ ਸੀ..

**ਕਿਰਪਾਲ:** ਇਨ੍ਹਾਂ ਪੰਝੀ ਸਾਲਾਂ ਦੌਰਾਨ ਆਖਿਰ ਕਿਹੜੇ ਕਦਮ ਪੁੱਟੇ ਗਏ ?

**ਡਾ.ਰਵੀ:** ਮਾਰੂਥਲੀਕਰਨ ਦੇ ਮੁਕਾਬਲੇ ਦੇ ਲਈ 1994 ਵਿਚ ਸੰਯੁਕਤ ਰਾਸਟਰ ਮਰਿਆਦਾ [United Nations Convention to Combat Desertication (UNCCD)] ਦੀ ਸਥਾਪਨਾ ਕੀਤੀ ਗਈ...! ਕਾਨੂੰਨੀ ਰੂਪ ਨਾਲ ਸੱਭ 'ਤੇ ਲਾਗੂ ਹੋਣ ਵਾਲਾ ਇਹ ਇਕਲੌਤਾਅੰਤਰਰਾਸ਼ਟਰੀ ਸਮਝੌਤਾ ਸੀ ਜਿਹੜਾ ਭੂਮੀ ਦੇ ਸਥਾਈ ਪ੍ਰਬੰਧਣ ਲਈ ਵਾਤਾਵਰਨ ਅਤੇ ਵਿਕਾਸ ਨੂੰ ਜੋੜਦਾ ਸੀ.. ਭਾਰਤ ਵੀ ਇਸ ਤੇ ਸਹੀ ਪਾਉਣ ਵਾਲਿਆਂ ਵਿੱਚ ਸ਼ਾਮਲ ਸੀ ।

**ਸਤਵਿੰਦਰ:** ਇਹ ਸੰਗਠਨ ਕੀ ਕੰਮ ਕਰ ਰਿਹਾ ਹੈ ?

**ਡਾ.ਰਵੀ:** ਇਹ ਵਿਸ਼ੇਸ਼ ਰੂਪ ਨਾਲ ਖੁਸ਼ਕ, ਅਰਧ-ਖੁਸ਼ਕ ਅਤੇ ਸੁੱਕੇ ਘੱਟ ਨਮੀ ਵਾਲੇ ਖੇਤਰਾਂ ਨੂੰ ਸੰਬੋਧਿਤ ਹੈ...ਜਿਸ ਨੂੰ ਅਸੀਂ ਖੁਸ਼ਕ ਖੇਤਰ ਕਹਿੰਦੇ ਹਾਂ..

**ਰਾਮੂ:** ਇਹ ਕੰਮ ਕਿਵੇਂ ਕਰਦਾ ?

**ਡਾ.ਰਵੀ:** ਇਹ ਭੂਮੀ ਅਤੇ ਮਿੱਟੀ ਦੀ ਉਤਪਾਦਕਤਾ ਨੂੰ ਬਹਾਲ ਕਰਨ ਅਤੇ ਸੋਕੇ ਦੇ ਪ੍ਰਭਾਵਾਂ ਨੂੰ ਘੱਟ ਕਰਨ ਲਈ ਕੰਮ ਕਰਦਾ ਹੈ...ਇਹ ਮਾਰੂਥਲੀਕਰਨ ਅਤੇ ਭੌਂ ਖੋਰ ਦਾ ਮੁਕਾਬਲਾ ਕਰਨ ਵਿਚ ਸਥਾਨਕ ਲੋਕਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦਾ ਹੈ.. ਇਹ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਵਿਚਕਾਰ ਸਹਿਯੋਗ ਦੀ ਸੁਵਿਧਾ ਵੀ ਦਿੰਦਾ ਹੈ..

**ਸਤਵਿੰਦਰ:** ਇਸ ਸੁਵਿਧਾ ਦਾ ਉਦੇਸ਼ ਕੀ ਹੈ?

**ਡਾ.ਰਵੀ:** ਟਿਕਾਊ ਭੂਮੀ-ਪ੍ਰਬੰਧਣ ਦੇ ਲਈ ਗਿਆਨ ਅਤੇ ਤਕਨੀਕ ਦਾ ਤਬਾਦਲੇ ਵਾਸਤੇ ਹੈ... ਜ਼ਰੂਰੀ ਗਿਆਨ ਦੀ ਅਣਹੋਂਦ ਵਿੱਚ ਕਿਸੇ ਨੂੰ ਵੀ ਇਨ੍ਹਾਂ ਸਮੱਸਿਆਵਾਂ ਬਾਰੇ ਕਿਵੇਂ ਪਤਾ ਹੋ ਸਕਦਾ ਹੈ... ਜਾਂ ਫਿਰ ਕਿਵੇਂ ਇਸ ਦੇ ਨਤੀਜਿਆਂ ਨਾਲ ਲੜਣ ਦੇ ਤਰੀਕੇ ਸੁਝਾਏ ਜਾ ਸਕਦੇ ਹਨ ?

**ਕਿਰਪਾਲ:** ਮਾਰੂਥਲੀਕਰਨ ਦੇ ਬੁਰੇ ਪ੍ਰਭਾਵਾਂ ਬਾਬਤ ਤੁਸੀਂ ਮੋਟਾ ਜਿਹਾ ਕੀ ਆਖੋਗੇ ?

**ਡਾ.ਰਵੀ:** ਪ੍ਰਭਾਵ ਬਹੁਤ ਜਿਆਦਾ ਹਨ ! ਪਰ ਹਾਂ, ਮੋਟੀਆਂ ਗੱਲਾਂ ਨੇ ਕਿ ਮਾਰੂਥਲੀਕਰਨ, ਧਰਤੀ ਦੇ ਲਚਕੀਲੇਪਣ ਨੂੰ ਘੱਟ ਕਰ ਦਿੰਦਾ ਹੈ...ਇਹ ਪਾਣੀ ਅਤੇ ਪੌਸ਼ਕ ਤੱਤਾਂ ਦੇ ਕੁਦਰਤੀ ਚੱਕਰ ਨੂੰ ਰੋਕਦਾ ਹੈ... ਇਸ ਦੇ ਕਾਰਨ ਅਕਾਲ ਦਾ ਖਤਰਾ ਵੀ ਹੋ ਸਕਦਾ ਹੈ...ਇਹ ਤੇਜ਼ ਹਵਾਵਾਂ ਅਤੇ ਧੂੜ ਭਰੀ ਹਨ੍ਹੇਰੀ ਦਾ ਕਾਰਨ ਬਣ ਸਕਦਾ ਹੈ... ਇਹ ਜੈਵ-ਵਿਭਿੰਨਤਾ ਦੇ ਲਈ ਖ਼ਤਰਾ ਹੈ...!

**ਸਤਵਿੰਦਰ:** ਇੱਥੇ ਇਕ ਪੋਸਟਰ ਪ੍ਰਦਰਸ਼ਨੀ ਲੱਗੀ ਹੋਈ ਹੈ...ਜਿਸ ਵਿਚ ਮਾਰੂਥਲੀਕਰਨ ਦਾ ਮੁਕਾਬਲਾ ਕਰਨ ਦੇ ਤਰੀਕੇ ਦੱਸੇ ਗਏ ਹਨ... ਇਹ ਪ੍ਰਦਰਸ਼ਨੀ ਵੇਖਣ ਨਾਲ ਇਸ ਸਮੱਸਿਆ ਬਾਬਤ ਕਈ ਗੱਲਾਂ ਦਾ ਪਤਾ ਚਲੇਗਾ ।

**ਦ੍ਰਿਸ਼ ਬਦਲਾਅ ਸੰਗੀਤ**

**ਦ੍ਰਿਸ਼ -ਤੀਜਾ**

**(ਪ੍ਰਦਰਸ਼ਨੀ -ਲੋਕ ਪ੍ਰਦਰਸ਼ਨੀ ਵੇਖ ਰਹੇ ਹਨ )**

**(ਸਿਤਾਰ ਦੀ ਧੁਨ ਅਤੇ ਥਾਂ ਬਦਲਣ ਦਾ ਅਭਾਸ)**

**ਕਿਰਪਾਲ:** ਰਾਮੂ! ਦੇਖੋ..ਇੱਥੇ ਲਿਖਿਆ ਹੈ ਕਿ ਸੰਮੇਲਣ 2008 ਤੋਂ 2018 ਤੱਕ ਚੱਲਣ ਵਾਲੀ ਇਕ 10 ਸਾਲ ਦੀ ਰਣਨੀਤੀ ਹੈ..

**ਸਤਵਿੰਦਰ:** ਲਓ ਜੀ ਮੈਂ ਤੁਹਾਨੂੰ ਇਹ ਲਿਖਤ ਉਚੀ ਉਚੀ ਪੜ੍ਹ ਕੇ ਸੁਣਾ ਦਿੰਦੀ ਹਾਂ !

"ਗਰੀਬੀ ਘੱਟਾਉਣ, ਵਾਤਾਵਰਣ ਸਥਿਰਤਾ ਦਾ ਸਮਰਥਨ ਕਰਨ, ਪ੍ਰਭਾਵਿਤ ਖੇਤਰਾਂ ਵਿਚ ਸੋਕੇ ਦੀ ਮਾਰ ਘਟਾਉਣ, ਮਾਰੂਥਲੀਕਰਨ ਜਾਂ ਭੂਮੀ ਦੀ ਗੁਣਵੱਤਾ ਵਿਚ ਗਿਰਾਵਟ ਨੂੰ ਰੋਕਣ ਵਾਸਤੇ ਵਿਸ਼ਵ ਸਾਂਝੇਦਾਰੀ ਤਿਆਰ ਕਰਨਾ.."

**ਰਾਮੂ:** ਇਹ ਟੀਚਾ ਤਾਂ ਪ੍ਰਭਾਵਸ਼ਾਲੀ ਹੈ... ਦੇਖੋ ਇਨ੍ਹਾਂ ਨੇ ਜਾਗਰੂਕਤਾ ਫੈਲਾਉਣ ਦੇ ਲਈ ਦਿਨ ਵੀ ਨਿਧਾਰਿਤ ਕੀਤਾ ਹੈ... 17 ਜੂਨ... ਇਸ ਦਿਨ ਸਕੂਲਾਂ ਵਿਚ ਪ੍ਰੋਗਰਾਮ ਕਰਕੇ ਵੀ ਇਸ ਕਾਰਜ ਬਾਬਤ ਚੇਤਨਾ ਫੈਲਾਈ ਜਾ ਸਕਦੀ ਹੈ ।

**ਕਿਰਪਾਲ:** ਦੇਖੋ....ਇਥੋਂ ਪਤਾ ਲੱਗਦਾ ਹੈ ਕਿ ਇਹ ਕੋਸ਼ਿਸ਼ 1995 ਤੋਂ ਕੀਤੀ ਜਾ ਰਹੀ ਹੈ..

**ਰਾਮੂ:** ਉਪਗ੍ਰਹਿ ਦੁਆਰਾ ਲਈ ਗਈ ਭਾਰਤ ਦੀ ਇਸ ਫੋਟੋ ਨੂੰ ਤਾਂ ਦੇਖੋ ਜਰਾ ਕੁ !

**ਕਿਰਪਾਲ:** ਅਜਿਹਾ ਲੱਗਦਾ ਹੈ ਕਿ ਦੇਸ਼ ਵਿਚ ਜ਼ਮੀਨ ਦਾ ਲਗਭਗ ਇਕ ਤਿਹਾਈ ਹਿੱਸਾ ਨਿਮਨੀਕਰਣ ਦਾ ਸ਼ਿਕਾਰ ਹੈ ਅਤੇ ਲਗਭਗ ਇਕ-ਚੌਥਾਈ ਹਿੱਸਾ ਮਾਰੂਥਲੀਕਰਨ ਵਿਚੋਂ ਲੰਘ ਰਿਹਾ ਹੈ ! ਖੇਤੀ ਖੇਤਰ ਵਿਚ ਤੇਜ਼ੀ ਨਾਲ ਗਿਰਾਵਟ ਆ ਰਹੀ ਹੈ...ਸਾਨੂੰ ਇਸ ਖ਼ਤਰਨਾਕ ਰੁਝਾਨ ਬਾਰੇ ਕੁਝ ਕਰਨਾ ਚਾਹੀਦਾ ਹੈ...

**ਡਾ.ਰਵੀ:** ਭਾਰਤ 2030 ਤੱਕ ਭੂਮੀ ਦੀ ਗੁਣਵੱਤਾ ਵਿਚ ਹੁੰਦੀ ਗਿਰਾਵਟ ਦੇ ਮੁਕਾਬਲੇ ਵਾਸਤੇ ਉਨੀ ਹੀ ਭੂਮੀ ਨੂੰ ਮੁੜ ਉਪਜਾਊ ਬਣਾ ਕੇ ਸਥਿਰਤਾ ਪ੍ਰਾਪਤ ਕਰਨ ਦਾ ਇਰਾਦਾ ਰੱਖਦਾ ਹੈ...!

**ਸਤਵਿੰਦਰ:** ਪਹਿਲਾ ਕਦਮ ਹੈ ਹੁਣ ਤੱਕ ਹੋਏ ਨੁਕਸਾਨ ਦਾ ਅਨੁਮਾਨ ਅਤੇ ਇਸ ਵਿਚ ਸੁਧਾਰ ਦੀ ਸਾਲਾਨਾ ਦਰ ਦਾ ਅਨੁਮਾਨ !

**ਡਾ.ਰਵੀ:** ਪਿਛਲੇ ਸਾਲ, ਭਾਰਤ ਨੇ ਇਕ ਐਟਲਸ ਜਾਰੀ ਕੀਤਾ ਸੀ.. ਭਾਰਤ ਮਾਰੂਥਲੀਕਰਨ ਅਤੇ ਭੂਮੀ ਦੀ ਗੁਣਵੱਤਾ ਵਿਚ ਗਿਰਾਵਟ ਦਾ ਮੁਕਾਬਲਾ ਕਰਨ ਦੇ ਲਈ ਪ੍ਰਤਿਬੱਧ ਹੈ...!

**ਸਤਵਿੰਦਰ:** ਇਧਰ ਆਉ.. ਇਸ ਪੋਸਟਰ ਨੂੰ ਦੇਖ ਕੇ ਸਮਝਣ ਦੀ ਕੋਸ਼ਿਸ਼ ਕਰੋ ਕਿ ਸੁੱਕੀ ਧਰਤੀ 'ਤੇ ਕਿਵੇਂ ਖੇਤੀ ਕੀਤੀ ਜਾ ਸਕਦੀ ਹੈ...!

**ਡਾ.ਰਵੀ:** ਇਸ ਵਿਚ ਕਿਸਾਨਾਂ ਦੇ ਲਈ ਕੁਝ ਤਰੀਕੇ ਦੱਸੇ ਗਏ ਹਨ...ਇਨ੍ਹਾਂ ਸੁਝਾਵਾਂ ਦਾ ਪਾਲਣ ਕਰਕੇ ਅਸੀਂ ਮਿੱਟੀ ਦੀ ਨਮੀ ਨੂੰ ਬਚਾ ਸਕਦੇ ਹਾਂ ਅਤੇ ਨਾਲ ਹੀ ਨਮੀ ਵਿੱਚ ਵਾਧਾ ਵੀ ਕਰ ਸਕਦੇ ਹਾਂ...!

**ਰਾਮੂ:** ਹਾਂ ! ਇਹ ਤਾਂ ਬਹੁਤ ਹੀ ਅਸਾਨ ਹੈ ! ਰੁਖਾਂ ਦੁਆਲੇ ਪੱਥਰ ਲਗਾ ਕੇ ਮੀਂਹ ਦੇ ਪਾਣੀ ਇਕੱਠ ਕਰਿਆ ਜਾਵੇ ਜੋ ਕਿ ਮਿੱਟੀ ਦੀ ਨਮੀ ਨੂੰ ਬਣਾਈ ਰੱਖਣ ਵਿਚ ਮੱਦਦ ਕਰਨਗੇ...ਚੁਬੱਚੇ ਬਣਾਕੇ ਵੀ ਮੀਂਹ ਦਾ ਪਾਣੀ ਇਕੱਠਾ ਕੀਤਾ ਜਾ ਸਕਦਾ ਹੈ... ਕੱਖ-ਕੰਡਾ ਕੱਢ ਕੇ ਵੀ ਮਿੱਟੀ ਦੀ ਨਮੀ ਇਨ੍ਹਾਂ ਕੱਖਾਂ - ਕੰਡਿਆਂ ਵਿੱਚ ਜਾਣ ਤੋਂ ਬਚਾਈ ਜਾ ਸਕਦੀ ਹੈ ।ਪੌਦਿਆਂ ਦੇ ਦਰਮਿਆਨ ਸਹੀ ਦੂਰੀ ਰੱਖਣ ਨਾਲ ਕਿਸੇ ਵੀ ਪੌਦੇ ਨੂੰ ਨਮੀ ਦੀ ਘਾਟ ਨਹੀਂ ਪੈਂਦੀ...!

**ਕਿਰਪਾਲ:** ਇਹ ਤਾਂ ਅਸਾਨ ਪਰੰਪਰਾਗਤ ਤਰੀਕੇ ਹੀ ਹਨ ਤੇ ਵਿਵਹਾਰਿਕ ਵੀ ਨੇ...!

**ਦ੍ਰਿਸ਼ ਬਦਲਾਅ ਸੰਗੀਤ**

**ਦ੍ਰਿਸ਼ - ਚੌਥਾ**

**ਅਧਿਆਪਕ:** ਰਾਮੂ, ਮੁੜ ਆਏ ਤੁਸੀਂ ਪਿੰਡੋਂ ! ਸਭ ਠੀਕ-ਠਾਕ ਹੈ ਉੱਥੇ...?

**ਰਾਮੂ:** ਨਹੀਂ ਮੈਡਮ, ਕੁਝ ਵੀ ਠੀਕ ਨਹੀਂ...! ਜਿੰਨਾਂ ਕੁ ਮੈਨੂੰ ਸਮਝ ਆਇਆ ਉਸ ਤੋਂ ਤਾਂ ਇਹੀ ਪਤਾ ਲੱਗਿਆ ਕਿ ਸਾਡੇ ਇੱਥੇ ਮਾਰੂਥਲੀਕਰਨ ਹੋ ਰਿਹਾ ਹੈ ਅਤੇ ਭੂਮੀ ਵਿੱਚੋਂ ਝਾੜ ਹਰ ਸਾਲ ਘੱਟ ਰਿਹਾ ਹੈ !

**ਵਰਿੰਦਰ:** ਮੈਡਮ ! ਤੁਸੀਂ ਸਾਨੂੰ ਭੂਗੋਲਿਕ ਖੇਤਰਾਂ ਤੇ ਨਿਵਾਸਾਂ ਦੇ ਬਾਰੇ ਸਿਖਾਇਆ ਹੈ ! ਭਾਰਤ ਵਿਚ ਰਾਜਸਥਾਨ ਵਿਚ ਰੇਗਿਸਤਾਨ ਪਾਇਆ ਜਾਂਦਾ ਹੈ...ਪਰ, ਅਸੀਂ ਤਾਂ ਰਾਜਸਥਾਨ ਦੇ ਨੇੜੇ ਤੇੜੇ ਵੀ ਨਹੀਂ... ਤਾਂ ਰੇਗਿਸਤਾਨ ਸਾਡੇ ਪਿੰਡ ਕਿਵੇਂ ਆ ਗਿਆ? ਮੇਰੀ ਸਮਝ ਵਿਚ ਤਾਂ ਕੁਝ ਨਹੀਂ ਆ ਰਿਹਾ...

**ਅਧਿਆਪਕ:** ਵਰਿੰਦਰ ! ਮਾਰੂਥਲੀਕਰਨ ਦਾ ਮਤਲਬ ਇਹ ਨਹੀਂ ਕਿ ਕੋਈ ਰੇਗਿਸਤਾਨ ਤੁਹਾਡੇ ਪਿੰਡ ਜਾਂ ਸ਼ਹਿਰ ਵੱਲ ਆ ਰਿਹਾ ਹੈ ! ਹਾਂ ਪਰ ਰੇਤ ਦੇ ਟਿੱਬੇ ਜ਼ਰੂਰ ਸਾਡੇ ਵੱਲ ਆ ਸਕਦੇ ਹਨ... ਮਨੁੱਖੀ ਗਤੀਵਿਧੀਆਂ ਅਤੇ ਜਲਵਾਯੂ ਪਰਿਵਰਤਨ ਕਾਰਨ ਧਰਤੀ ਸੁੱਕ ਰਹੀ ਹੈ...। ਮਨੁੱਖ ਵੱਲੋਂ ਲਗਾਤਾਰ ਉਸਦੀ ਲੁੱਟ ਜੋ ਹੋ ਰਹੀ ਹੈ...!

**ਰਾਮੂ:** ਹਾਂ ਜੀ ! ਮਾਹਰਾਂ ਨੇ ਦੱਸਿਆ ਸੀ ਕਿ ਅਸੁਰੱਖਿਅਤ ਖੇਤੀ, ਖਣਨ ਅਤੇ ਰੁੱਖਾਂ ਦੀ ਬੇਤਹਾਸ਼ਾ ਕਟਾਈ ਕਾਰਨ ਮਾਰੂਥਲੀਕਰਨ ਵਧਦਾ ਜਾ ਰਿਹਾ ਹੈ...!

**ਵਰਿੰਦਰ:** ਕਿਉਂ...ਅਜਿਹਾ ਕਰਨ ਨਾਲ ਕੀ ਹੁੰਦਾ ਹੈ?

**ਅਧਿਆਪਕ:** ਜੰਗਲਾਂ ਦੀ ਕਟਾਈ ਕਾਰਨ ਮੀਂਹ ਘੱਟ ਜਾਂਦਾ ਹੈ ਤੇ ਮਿੱਟੀ ਦੀ ਗੁਣਵੱਤਾ ਵੀ ਘਟ ਜਾਂਦੀ ਹੈ !

**ਵਰਿੰਦਰ** : ਪਰ ਕਿਵੇਂ ? ਮਿੱਟੀ ਦੀ ਗੁਣਵਤਾ ਦਾ ਮੀਂਹ ਨਾਲ ਕੀ ਸਬੰਧ ?

**ਅਧਿਆਪਕ:** ਉਸ਼ਣਕਟੀਬੰਧੀ ਵਰਖਾ ਵਣਾਂ (Tropical Rainforests) ਦੀ ਵੱਡੇ ਪੈਮਾਨੇ 'ਤੇ ਕਟਾਈ ਨਾਲ ਮੀਂਹ ਦੀ ਦਰ ਬਹੁਤ ਘੱਟ ਜਾਂਦੀ ਹੈ...! ਰੁੱਖਾਂ ਦੀ ਕਟਾਈ ਦੇ ਕਾਰਨ ਮਿੱਟੀ ਦੀ ਨਮੀ ਬਣਨ ਦੀ ਕੁਦਰਤੀ ਪ੍ਰਕਿਰਿਆ 'ਤੇ ਅਸਰ ਪੈਂਦਾ ਹੈ... ਜ਼ਿਆਦਾਤਰ ਮਿੱਟੀ ਦੀ ਨਮੀ ਬਨਸਪਤੀ ਰਾਹੀਂ ਵਾਯੂਮੰਡਲ ਵਿਚ ਪਹੁੰਚਦੀ ਹੈ...ਜਿੱਥੇ ਨਮੀ ਮੀਂਹ ਦਾ ਰੂਪ ਲੈ ਲੈਂਦੀ ਹੈ ਅਤੇ ਮੀਂਹ ਪੈਂਦੇ ਹੀ ਨਮੀ, ਮਿੱਟੀ ਵਿਚ ਮੁੜ ਆਉਂਦੀ ਹੈ...!

**ਵਰਿੰਦਰ:** ਅੱਛਾ ਜੀ ! ਹੁਣ ਸਮਝ ਆਇਆ ਕਿ ਮਿੱਟੀ ਦੀ ਨਮੀ ਘਟਣ ਨਾਲ ਮਿੱਟੀ ਸੁੱਕ ਜਾਂਦੀ ਹੈ, ਇਸਦੀ ਗੁਣਵਤਾ ਘਟ ਜਾਂਦੀ ਹੈ !

**ਅਧਿਆਪਕ:** ਹਾਂ ! ਪੌਦਿਆਂ ਦੀਆਂ ਜੜ੍ਹਾਂ ਮਿੱਟੀ ਨੂੰ ਫੜੀ ਰੱਖਦੀਆਂ ਹਨ...ਪੌਦੇ ਕੱਟਣ ਨਾਲ ਮਿੱਟੀ ਢਿੱਲੀ ਪੈ ਜਾਵੇਗੀ... ਤੇ ਭੋਂ ਖੋਰ ਵੱਧ ਜਾਵੇਗਾ! ਪੌਦੇ ਤੇ ਜੰਗਲੀ ਬਨਸਪਤੀਆਂ ਨੂੰ ਜਦ ਪਸ਼ੂ ਬਹੁਤ ਜਿਆਦਾ ਖਾ ਜਾਂਦੇ ਹਨ ਤਾਂ ਵੀ ਉਪਰਲੀ ਮਿੱਟੀ ਹੌਲੀ-ਹੌਲੀ ਢਿੱਲੀ ਹੋ ਕੇ ਖੁਰਨ ਲੱਗਦੀ ਹੈ...!

**ਰਾਮੂ:** ਜਾਨਵਰਾਂ ਦੇ ਚੱਲਣ ਨਾਲ ਵੀ ਉੱਪਰਲੀ ਮਿੱਟੀ ਖਰਾਬ ਹੁੰਦੀ ਹੈ...! ਪਾਣੀ ਅਤੇ ਤੇਜ ਹਵਾ ਵੀ ਉਪਜਾਊ ਮਿੱਟੀ ਨੂੰ ਵਹਾਅ ਕੇ ਲੈ ਜਾਂਦੇ ਨੇ..ਬਚ ਜਾਂਦੀ ਹੈ ਤਾਂ ਕੇਵਲ ਧੂੜ ਅਤੇ ਰੇਤ...ਜਿਹੜੀ ਖੇਤੀ ਦੇ ਲਈ ਕਿਸੇ ਕੰਮ ਨਹੀਂ ਆਉਂਦੀ...!

**ਅਧਿਆਪਕ:** ਦੁਨੀਆਂ ਭਰ ਵਿਚ ਹਰ ਸਾਲ ਲਗਭਗ 2400 ਕਰੋੜ ਟਨ ਉਪਜਾਊ ਮਿੱਟੀ ਨਸ਼ਟ ਹੋ ਜਾਂਦੀ ਹੈ...!

**ਰਾਮੂ:** ਹਾਂ ਜੀ!ਮੈਨੂੰ ਥੋੜ੍ਹਾ-ਬਹੁਤਾ ਪਤਾ ਸੀ ਕਿ ਲਗਾਤਾਰ ਖੇਤੀ ਕਰਦੇ ਰਹਿਣ ਨਾਲ ਮਿੱਟੀ ਦੇ ਪੌਸ਼ਕ ਤੱਤ ਖ਼ਤਮ ਹੁੰਦੇ ਜਾਂਦੇ ਹਨ!

**ਅਧਿਆਪਕ:** ਲੰਬੇ ਸਮੇਂ ਤੱਕ ਸੋਕਾ ਪੈਣ ਨਾਲ ਧਰਤੀ 'ਤੇ ਅਸਰ ਹੁੰਦਾ ਹੈ... ਯੁੱਧ ਲੋਕਾਂ ਨੂੰ ਵਾਤਾਵਰਨ ਦੀ ਦ੍ਰਿਸ਼ਟੀ ਨਾਲ ਨਾਜ਼ੁਕ ਖੇਤਰਾਂ ਵਿਚੋਂ ਪਲਾਇਣ ਕਰਨ ਲਈ ਮਜ਼ਬੂਰ ਕਰ ਸਕਦੇ ਹਨ...ਇਸ ਨਾਲ ਜ਼ਮੀਨ 'ਤੇ ਜ਼ਿਆਦਾ ਦਬਾਅ ਪੈਂਦਾ ਹੈ.. ਖਣਨ ਨਾਲ ਨੁਕਸਾਨ ਹੋ ਸਕਦਾ ਹੈ... ਅਜਿਹੇ ਕਈ ਕਾਰਨ ਹਨ, ਜਿਨ੍ਹਾਂ ਦੇ ਕਾਰਨ ਖੇਤੀ ਵਾਲੀ ਜ਼ਮੀਨ ਰੇਗੀਸਤਾਨ ਵਿਚ ਬਦਲ ਜਾਂਦੀ ਹੈ...

**ਵਰਿੰਦਰ:** ਪਾਪਾ ਨੇ ਕਿਹਾ ਸੀ ਕਿ ਮਾਰੂਥਲੀਕਰਨ ਇਕ ਵਿਸ਼ਵ ਪੱਧਰੀ ਘਟਨਾ ਹੈ...ਇਹ ਸਿਰਫ਼ ਸਾਡੇ ਪਿੰਡ ਤੱਕ ਹੀ ਸੀਮਤ ਤਾਂ ਹੈ ਨਹੀਂ... !

**ਅਧਿਆਪਕ:** ਅੰਟਾਰਕਟਿਕਾ ਤੋਂ ਸਿਵਾਏ ਕੋਈ ਥਾਂ ਅਜਿਹੀ ਨਹੀਂ, ਜਿਹੜੀ ਮਾਰੂਥਲੀਕਰਨ ਤੋਂ ਬਚੀ ਹੋਵੇ...ਅਫਰੀਕਾ ਤਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ.. ਇਥੇ ਦੁਨੀਆਂ ਦੇ ਖੁਸ਼ਕ ਖੇਤਰਾਂ ਦਾ 37% ਹੈ.. ਇਥੇ ਦੀ 66% ਭੂਮੀ ਜਾਂ ਤਾਂ ਰੇਗਿਸਤਾਨ ਹੈ ਜਾਂ ਫਿਰ ਖੁਸ਼ਕ ਇਲਾਕਾ ਹੈ... ਏਸ਼ੀਆ ਦੀ ਸਥਿਤੀ ਵੀ ਠੀਕ ਨਹੀਂ.. ਕਿਉਂਕਿ ਇਥੇ ਦੁਨੀਆਂ ਦੇ ਖੁਸ਼ਕ ਖੇਤਰਾਂ ਦਾ 33% ਹੈ..

**ਵਰਿੰਦਰ:** ਮੈਡਮ ! ਇਸ ਤੋਂ ਬਚਣ ਦੇ ਲਈ ਅਸੀਂ ਕੀ ਕਰ ਸਕਦੇ ਹਾਂ?

**ਅਧਿਆਪਕ :** ਇਸ ਲਈ ਰੋਕਥਾਮ ਦਾ ਸਭਿਅਚਾਰ ਪ੍ਰਫੁੱਲਤ ਕਰਨਾ ਫਾਇਦੇਮੰਦ ਸਿੱਧ ਹੋ ਸਕਦਾ ਹੈ.. ਜੇਕਰ ਅਸੀਂ ਉਨ੍ਹਾਂ ਖੇਤਰਾਂ ਵਿਚ ਇਸ ‘ਤੇ ਰੋਕ ਲਗਾ ਸਕੀਏ, ਜਿੱਥੇ ਅਜੇ ਸਿਰਫ਼ ਸ਼ੁਰੂਆਤ ਹੀ ਹੋਈ ਹੋਵੇ...ਤਾਂ ਇਹ ਇਕ ਵੱਡਾ ਕਦਮ ਹੋਵੇਗਾ...

**ਰਾਮੂ:** ਇਹ ਤਾਂ ਠੀਕ ਹੈ ਪਰ, ਕੀ ਤੁਸੀਂ ਸਾਨੂੰ ਕੁਝ ਕਾਰਗਰ ਤਰੀਕੇ ਦੱਸ ਸਕਦੇ ਹੋ..

**ਅਧਿਆਪਕ:** ਖੁਸ਼ਕ ਖੇਤਰਾਂ ਵਿਚ ਜ਼ਿਆਦਾਤਰ ਲੋਕ ਗਰੀਬੀ ਨਾਲ ਤੰਗ ਹਨ... ਕੁਦਰਤ ਨਾਲ ਇਕਸੁਰਤਾ ਵਾਲੀ ਲਾਹੇਮੰਦ ਖੇਤੀ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ ।ਰੁੱਖਾਂ ਦੀ ਬੇਵਹਾ ਕਟਾਈ ਬੰਦ ਕਰਕੇ ਸੂਰਜੀ ਊਰਜਾ ਦੀ ਵਰਤੋਂ ਵਧਾਉਣ ਦੀ ਲੋੜ ਹੈ ਅਤੇ ਰੇਗਿਸਤਾਨ ਵਿਚ ਮੱਛੀ-ਪਾਲਣ ਦਾ ਇਕ ਦਿਲਚਸਪ ਤਰੀਕਾ ਵੀ ਮੱਦਦ ਕਰ ਸਕਦਾ ਹੈ...

**ਰਾਮੂ :** ਹੈਂ ! ਰੇਗਿਸਤਾਨ ਵਿਚ ਮੱਛੀ-ਪਾਲਣ ? ਇਹ ਕਿਵੇਂ ਸੰਭਵ ਹੈ?

**ਅਧਿਆਪਕ (ਹੱਸਦੇ ਹੋਏ):** ਹੈ ਸੰਭਵ ! ਇਜ਼ਰਾਈਲ ਨੇ ਰੇਗਿਸਤਾਨ ਵਿਚ ਝੀਲਾਂ ਖੋਦ ਕੇ ਉਨ੍ਹਾਂ ਵਿੱਚ ਖ਼ਰਾਬ ਗੁਣਵੱਤਾ ਵਾਲਾ ਖਾਰਾ ਪਾਣੀ ਭਰਿਆ ! ਇੱਥੇ ਉਨ੍ਹਾਂ ਨੇ ਸਮੁੰਦਰੀ ਮੱਛੀਆਂ ਨੂੰ ਰੱਖਿਆ..ਜੋ ਪ੍ਰੋਟੀਨ ਦਾ ਇਕ ਬਹੁਤ ਚੰਗਾ ਸ੍ਰੋਤ ਹੁੰਦੀਆਂ ਹਨ... ਤੇ ਇਸ ਤਰ੍ਹਾਂ ਉਨ੍ਹਾਂ ਨੇ ਰੇਗਿਸਤਾਨ ਵਿਚ ਮੱਛੀ ਪਾਲਣ ਦਾ ਸੁਪਨਾ ਸੱਚ ਕਰ ਵਿਖਾਇਆ ਹੈ ।

**ਵਰਿੰਦਰ:**ਹਾਂ ਜੀ ! ਮੈਂ ਪੜ੍ਹਿਆ ਹੈ ਕਿ ਇਜ਼ਰਾਈਲ ਬਹੁਤ ਸੁਚੱਜੇ ਢੰਗ ਨਾਲ ਆਪਣੇ ਵਰਤੇ ਹੋਏ ਪਾਣੀ ਦੀ ਵੀ ਖੇਤੀ ਲਈ ਮੁੜ ਵਰਤੋਂ ਕਰਦਾ ਹੈ...!

**ਰਾਮੂ(ਉਤਸ਼ਾਹ ਨਾਲ):** ਅਸੀਂ ਤੁਪਕਾ ਸਿੰਚਾਈ ਦੀ ਵੀ ਤਾਂ ਵਰਤੋਂ ਸਕਦੇ ਹਾਂ...!

**ਅਧਿਆਪਕ:** ਹਾਂ ! ਕਿਉਂ ਨਹੀਂ ! ਪੌਦਿਆਂ ਦੀਆਂ ਸੋਕਾ-ਸਹਿਣ ਵਾਲੀਆਂ ਕਿਸਮਾਂ ਦਾ ਵੀ ਤਾਂ ਵਿਗਿਆਨੀ ਵਿਕਾਸ ਕਰ ਸਕਦੇ ਹਨ ਅਤੇ ਸਰਕਾਰ ਪਿੰਡ ਜਾਂ ਜ਼ਿਲ੍ਹਾ ਪੱਧਰ ‘ਤੇ ਇਨ੍ਹਾਂ ਕਿਸਮਾਂ ਦੇ ਬੀਜ ਬੈਂਕ ਸਥਾਪਿਤ ਕਰ ਸਕਦੀ ਹੈ..!

**ਵਰਿੰਦਰ:** ਮੈਡਮ ਜੀ ! ਕੀ ਅਸੀਂ ਆਪਣੇ ਸਕੂਲ ਦੇ ਪਿੱਛੇ ਖਾਲੀ ਪਈ ਜ਼ਮੀਨ ‘ਤੇ ਰੁੱਖ ਨਹੀਂ ਲਗਾ ਸਕਦੇ ?

**ਅਧਿਆਪਕ:** ਕਿਉਂ ਨਹੀਂ ! ਰੁੱਖ ਲਗਾਉਣਾ ਤਾਂ ਸਾਡੇ ਰਾਸ਼ਟਰੀ ਟੀਚੇ ਵਿਚ ਪਹਿਲਾਂ ਤੋਂ ਹੀ ਸ਼ਾਮਲ ਹੈ..

**ਰਾਮੂ (ਉਤਸ਼ਾਹ ਨਾਲ):** ਹਾਂ! ਰੁੱਖ, ਬਾਰਾਮਾਸੀਏ ਪੌਦੇ ਜਾਂ ਦੂਜੇ ਫਲਦਾਰ ਰੁੱਖ ਲਗਾਕੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਵਧਾਇਆ ਜਾ ਸਕਦਾ ਹੈ...!

**ਅਧਿਆਪਕ:** ਹਾਂ ! ਇਹ ਰੁੱਖ ਫਲ ਵੀ ਦਿੰਦੇ ਨੇ ਤੇ ਕੱਖ-ਕਾਂਡ ਨੂੰ ਉਗਣ ਤੋਂ ਵੀ ਰੋਕਦੇ ਹਨ ! ਫਲੀਦਾਰ ਪੌਦੇ ਮਿੱਟੀ ਵਿਚ ਨਾਈਟ੍ਰੋਜਨ ਦੀ ਮਾਤਰਾ ਨੂੰ ਵਧਾਉਂਦੇ ਹਨ ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧ ਜਾਂਦੀ ਹੈ ।

**ਵਰਿੰਦਰ:** ਮੈਡਮ ਜੀ ! ਇਹ ਹੋਈ ਨਾ ਗੱਲ ! ਇੱਕ ਪੰਥ ਦੋ ਕਾਜ ਵਾਲੀ !

**ਰਾਮੂ:** ਪਰ, ਮਾਰੂਥਲੀਕਰਨ ਨੂੰ ਰੋਕਣ ਲਈ ਕੇਵਲ ਵਿਅਕਤੀਗਤ ਕੋਸ਼ਿਸਾਂ ਕਾਫੀ ਨਹੀਂ ! ਮੈਨੂੰ ਲੱਗਦਾ ਹੈ ਕਿ ਵੱਡੇ ਪੈਮਾਨੇ 'ਤੇ ਰਾਸ਼ਟਰੀ ਅਤੇ ਅੰਤਰਰਾਸ਼ਰੀ ਕੋਸ਼ਿਸ਼ਾਂ ਦੀ ਜ਼ਰੂਰਤ ਹੋਵੇਗੀ…!

**ਅਧਿਆਪਕ:** ਹਾਂ , ਇਸੇ ਵਾਸਤੇ ਤਾਂ ਭਾਰਤ ਨੇ ਰਾਸ਼ਟਰੀ ਵਣੀਕਰਣ ਅਤੇ ਵਾਤਾਵਰਨੀ ਪ੍ਰਣਾਲੀ ਵਿਕਾਸ ਬੋਰਡ (National Afforestation and Eco-Development Board) ਦੀ 1992 ਵਿਚ ਹੀ ਸਥਾਪਨਾ ਕਰ ਦਿੱਤੀ ਸੀ…!

**ਰਾਮੂ:** ਅੱਛਾ ! ਇਹ ਬੋਰਡ ਕਰਦਾ ਕੀ ਹੈ ?

**ਅਧਿਆਪਕ:** ਇਹ ਵਣ ਲਗਾਉਣ ਨੂੰ ਪ੍ਰੋਤਸਾਹਣ ਦਿੰਦਾ ਹੈ.. ਇਹ ਪ੍ਰਸਥਿਤਿਕ ਤੰਤਰ ਦੀ ਪੁਨਰ ਬਹਾਲੀ ਅਤੇ ਵਾਤਾਵਰਨ ਵਿਕਾਸ ਗਤੀਵਿਧੀਆਂ ਦਾ ਸਮਰਥਨ ਕਰਦਾ ਹੈ…! ਇਸਦੇ ਨਾਲ ਹੀ ਇਹ ਵਣਾਂ, ਰਾਸ਼ਟਰੀ ਪਾਰਕਾਂ, ਖਰਾਬ ਹੋਏ ਵਣ ਖੇਤਰਾਂ ਅਤੇ ਉਨ੍ਹਾਂ ਲਾਗੇ ਪਈ ਖਰਾਬ ਹੋਈ ਭੂਮੀ 'ਤੇ ਵਿਸ਼ੇਸ਼ ਧਿਆਨ ਦਿੰਦਾ ਹੈ..

**ਰਾਮੂ:** ਵਾਹ ਜੀ ਵਾਹ ! ਐਨਾ ਕੁਝ ਕੀਤਾ ਜਾ ਰਿਹਾ…ਹੋਰ ਜਾਣਨ ਦਾ ਮਨ ਕਰ ਰਿਹਾ ਪਰ ਤੁਸੀਂ ਵਿਅਸਤ ਹੋਵੋਗੇ…!

**ਅਧਿਆਪਕ:** ਪ੍ਰੇਸ਼ਾਨ ਨਾ ਹੋਵੋ ! ਤੁਹਾਡੇ ਲਈ ਮੈਂ ਹਰੇ-ਭਰੇ ਭਾਰਤ (ਗ੍ਰੀਨ ਇੰਡੀਆ) ਦੇ ਰਾਸ਼ਟਰੀ ਮਿਸ਼ਨ ਦੀ ਚੁਵਰਕੀ ਜੀ ਆਈ ਐਮ ਤੋਂ ਉਤਾਰ ਕੇ ਵਰਿੰਦਰ ਨੂੰ ਦੇ ਦੇਵਾਂਗੀ…!

**ਰਾਮੂ ਅਤੇ ਵਰਿੰਦਰ:** ਬਹੁਤ-ਬਹੁਤ ਧੰਨਵਾਦ! ਨਮਸਤੇ…

**ਦ੍ਰਿਸ਼ ਬਦਲਾਅ ਸੰਗੀਤ**

**ਦ੍ਰਿਸ਼ – ਪੰਜਵਾਂ**

**(ਸਵੇਰ ਦਾ ਸਮਾਂ, ਸਕੂਲ ਦੀ ਹਲਚਲ, ਤੇਜ਼ ਸੰਗੀਤ ਵੱਜ ਰਿਹਾ ਹੈ ! ਵਣ ਲਗਾਓ ਸਮਾਰੋਹ, ਬੱਚਿਆਂ ਦੇ ਆਪਸ ਵਿਚ ਗੱਲ ਕਰਨ ਦੀ ਅਵਾਜ਼)**

**ਅਧਿਆਪਕ:** ਬੱਚਿਓ, ਬੈਠ ਜਾਉ.. ਵਣ ਲਗਾਓ ਸਮਾਰੋਹ ਸ਼ੁਰੂ ਹੀ ਹੋਣ ਵਾਲਾ ਹੈ ! ਸਾਡੇ ਮੁੱਖ ਮਹਿਮਾਨ ਡਾ. ਰਵੀ ਜੀ ਆ ਗਏ ਹਨ ! ਆਓ ! ਪਹਿਲਾਂ ਉਨ੍ਹਾਂ ਦਾ ਸਵਾਗਤ ਕਰੀਏ…!

**(ਤਾੜੀਆਂ ਦੀ ਅਵਾਜ਼)**

**ਡਾ.ਰਵੀ:** ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ! ਇਸ ਵਣ ਲਗਾਓ ਸਮਾਰੋਹ ਲਈ ਤੁਸੀਂ ਵਧਾਈ ਦੇ ਪਾਤਰ ਹੋ ! ਇਤਿਹਾਸ ਗਵਾਹ ਹੈ ਕਿ ਭਾਰਤ ਵਿਚ ਤਾਂ ਅਸੀਂ ਹਮੇਸ਼ਾ ਹੀ ਰੁੱਖਾਂ ਨੂੰ ਮਹੱਵਤ ਦਿੱਤਾ ਹੈ…!

**ਅਧਿਆਪਕ:** ਹਾਂ ! ਇਹ ਵੀ ਲਿਖਿਆ ਹੈ ਕਿ ਜਿਹੜੇ ਲੋਕ ਉਜਾੜ ਅਤੇ ਮੁਸ਼ਕਿਲ ਥਾਂਵਾਂ 'ਤੇ ਰੁੱਖ ਲਗਾਉਂਦੇ ਹਨ…ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁੱਖ ਦਿੰਦੇ ਹਨ…!

**ਡਾ.ਰਵੀ:** ਤੁਸੀਂ ਸਮਝ ਸਕਦੇ ਹੋ ਕਿ ਸਾਡੀਆਂ ਪ੍ਰੰਪਰਾਵਾਂ ਰੁੱਖ ਲਗਾਉਣ ਨੂੰ ਅਤੇ ਉਨ੍ਹਾਂ ਦੀ ਦੇਖਭਾਲ ਨੂੰ ਪਹਿਲ ਦਿੰਦੀਆਂ ਸਨ… ਰੁੱਖ ਬੱਚਿਆਂ ਵਾਂਗ ਪਾਲੇ ਜਾਂਦੇ ਸਨ…! ਇਹ ਰਵਾਇਤਾਂ ਟਿਕਾਊ ਵਿਕਾਸ ਵਾਲੀਆਂ ਪ੍ਰੰਪਰਾਵਾਂ ਸਨ ! ਕੀ ਸਾਨੂੰ ਅੱਜ ਪ੍ਰਣ ਨਹੀਂ ਕਰਨਾ ਚਾਹੀਦਾ ਕਿ ਲਗਾਏ ਰੁੱਖਾਂ ਦਾ ਅਸੀਂ ਸਹੀ ਪਾਲਣ ਪੋਸਣ ਵੀ ਕਰਾਂਗੇ ?

**ਸਾਰੇ ਬੱਚੇ ਇਕੱਠੇ:** ਜੀ ਹਾਂ… ਅਸੀਂ ਪ੍ਰਣ ਕਰਦੇ ਹਾਂ ਕਿ ਲਗਾਏ ਰੁੱਖਾਂ ਦਾ ਅਸੀਂ ਸਹੀ ਪਾਲਣ ਪੋਸਣ ਕਰਾਂਗੇ !

**ਅਧਿਆਪਕ:** ਵਰਿੰਦਰ ! ਡਾ. ਰਵੀ ਨੂੰ ਦੱਸ ਕਿ ਅੱਜ ਅਸੀਂ ਕਿਹੜੇ-ਕਿਹੜੇ ਪੌਦੇ ਲਗਾਉਣ ਵਾਲੇ ਹਾਂ..?

**ਵਰਿੰਦਰ:** ਕੇਲਾ, ਅੰਬ, ਅਮਰੂਦ, ਬੇਰ, ਨਿੰਬੂ ਤੇ ਸ਼ਹਿਤੂਤ ਬਿਲ ਤੇ ਨਿੰਮ ਵਰਗੇ ਪੌਦੇ ਅਸੀਂ ਚੁਣੇ ਹਨ... ਸਾਨੂੰ ਯਕੀਨ ਹੈ ਕਿ ਲੰਬੇ ਸਮੇਂ ਵਿਚ ਇਹ ਚੰਗੀ ਤਰ੍ਹਾਂ ਵਧਣ-ਫੁੱਲਣਗੇ... ਅਸੀਂ ਨਿੰਮ ਤੇ ਬਿਲ ਨੂੰ ਦਵਾਈ ਵਾਲੇ ਗੁਣਾਂ ਕਰਕੇ ਚੁਣਿਆ ਹੈ...! ਦੁਪਹਿਰ ਦੇ ਭੋਜਨ (ਮਿਡ-ਡੇ-ਮੀਲ) ਦੇ ਲਈ ਅਸੀਂ ਟਮਾਟਰ, ਮਿਰਚਾਂ ਅਤੇ ਬੈਂਗਣ ਲਗਾਏ ਹਨ...

**ਅਧਿਆਪਕ:** ਸਾਨੂੰ ਉਮੀਦ ਹੈ ਕਿ ਸਾਡੀ ਇਹ ਸਮੂਹਿਕ ਕੋਸ਼ਿਸ਼ ਬੰਜਰ ਭੂਮੀ ਦੇ ਲਈ ਰਾਹਤ ਦਾ ਕੰਮ ਕਰੇਗੀ...! ਡਾ.ਰਵੀ, ਕ੍ਰਿਪਾ ਕਰਕੇ ਤੁਸੀਂ ਇਨ੍ਹਾਂ ਪੌਦਿਆਂ ਨੂੰ ਪਾਣੀ ਦੇ ਕੇ ਇਸ ਵਣ ਲਗਾਓ ਸਮਾਰੋਹ ਦਾ ਉਦਘਾਟਨ ਕਰਨ ਦੀ ਖੇਚਲ ਕਰੋ !

**ਡਾ.ਰਵੀ:** ਹਾਂ ! ਹਾਂ ! **..(ਪਾਣੀ ਪਾਉਣ ਦੀ ਅਵਾਜ਼)**

**(ਬੱਚਿਆਂ ਦੀਆਂ ਤਾੜੀਆਂ ਵਜਾਉਣ ਦੀਆਂ ਅਵਾਜ਼ਾਂ)**

**ਅਧਿਆਪਕ:** ਠੀਕ ਹੈ, ਬੱਚਿਓ.. ਹੁਣ ਤੁਹਾਡੇ ਅਪਣਾਏ ਗਏ ਪੌਦਿਆਂ ਨੂੰ ਨਿਯਮਤ ਤੌਰ ‘ਤੇ ਪਾਣੀ ਅਤੇ ਖਾਦ ਦੇਣਾ ਨਾ ਭੁੱਲਣਾ...! ਇਸ ਗੱਲ ਦਾ ਵੀ ਧਿਆਨ ਰੱਖਿਓ ਕਿ ਕਿਤੇ ਕੱਖ ਨਾ ਉਗ ਆਉਣ... ਅਤੇ ਹਾਂ, ਇਹ ਵੀ ਧਿਆਨ ਰਹੇ ਕਿ ਜਾਨਵਰ ਇਨ੍ਹਾਂ ਦੇ ਪੱਤੇ ਹੀ ਨਾ ਖਾ ਜਾਣ...!

**(ਖੁੱਲ੍ਹੀ ਨਲ ਅਤੇ ਉਸ ਵਿਚੋਂ ਭਾਂਡੇ ਨਾਲ ਪਾਣੀ ਭਰਨ ਦੀ ਅਵਾਜ਼...ਬੱਚਿਆਂ ਦੇ ਭੱਜਣ ਅਤੇ ਹੱਸਣ ਦੀਆਂ ਅਵਾਜ਼ਾਂ)**

**(ਬੱਚਿਆਂ ਦੇ ਖੇਡਣ ਦੀ ਅਵਾਜ਼)**

**ਅਧਿਆਪਕ :** ਮੈਨੂੰ ਡਾ. ਰਵੀ ਜੀ ਦਾ ਧੰਨਵਾਦ ਕਰਨ ਵਿੱਚ ਖੁਸ਼ੀ ਮਹਿਸੂਸ ਹੋ ਰਹੀ ਹੈ ਜਿਨ੍ਹਾਂ ਨੇ ਸਾਡੇ ਛੋਟੇ ਜਿਹੇ ਬੁਲਾਵੇ ਤੇ ਆ ਕੇ ਸਾਡੀ ਹੌਸਲਾ ਅਫਜਾਈ ਕੀਤੀ ਹੈ ।ਹੁਣ ਮੈਂ ਡਾ. ਰਵੀ ਜੀ ਨੂੰ ਚਾਹ ਵਾਸਤੇ ਬੇਨਤੀ ਕਰਦੀ ਹਾਂ !

**ਦ੍ਰਿਸ਼ ਬਦਲਾਅ ਸੰਗੀਤ**

**ਦ੍ਰਿਸ਼ – ਛੇਵਾਂ**

**( ਮੁੱਖ ਅਧਿਆਪਕ ਦਾ ਕਮਰਾ ! ਅਧਿਆਪਕ ਤੇ ਡਾ ਰਵੀ ਵਿਚਕਾਰ ਗੱਲ ਬਾਤ ‘ਤੇ ਚਾਹ ਪੀਣ ਦੀਆਂ ਚੁਸਕੀਆਂ !)**

**ਅਧਿਆਪਕ:** ਮੈਨੂੰ ਖੁਸ਼ੀ ਹੈ ਕਿ ਅਸੀਂ ਅੱਜ ਰੁੱਖ ਲਗਾ ਕੇ ਸਾਡੇ ਦੇਸ ਦੀਆਂ ਕੋਸ਼ਿਸ਼ਾਂ ਦੇ ਨਾਲ ਮੋਢੇ ਨਾਲ ਮੋਢਾ ਜੋੜਿਆ ਹੈ !

**ਡਾ.ਰਵੀ:** ਹਾਂ ... ਜਿਥੇ ਵੀ ਸੰਭਵ ਹੋਵੇ , ਰੁੱਖ ਲਗਾਏ ਜਾਣ.. ਸੜਕਾਂ, ਰੇਲ ਪਟੜੀਆਂ ਤੇ ਨਹਿਰਾਂ ਦੇ ਦੋਵੇਂ ਪਾਸੇ ! ਅਤੇ ਜੰਗਲੀ ਧਰਤੀ ‘ਤੇ ਵੀ...! ਇਸ ਮੁਹਿੰਮ ਦੀ ਸਫਲਤਾ ਵਾਸਤੇ ਸਾਰਿਆਂ ਦੀਆਂ ਸਮੂਹਿਕ ਕੋਸ਼ਿਸ਼ਾਂ ਦੀ ਲੋੜ ਹੈ । ਪੈਰਿਸ ਜਾਲਵਾਯੂ ਸੰਧੀ ਅਨੁਸਾਰ ਅਸੀਂ 2030 ਤੱਕ ਲਗਭਗ ਪੰਜਾਹ ਲੱਖ ਹੈਕਟੇਅਰ ਭੂਮੀ ‘ਤੇ ਰੁੱਖ ਲਗਾਉਣ ਲਈ ਵਚਨਬੱਧ ਹਾਂ !

**ਅਧਿਆਪਕ:** ਬੇਸ਼ੱਕ ਇਹ ਇਕ ਵੱਡਾ ਟੀਚਾ ਹੈ ਪਰ ਟਿਕਾਊ ਵਿਕਾਸ ਦੇ ਲਈ ਨਿਹਾਇਤ ਜ਼ਰੂਰੀ ਹੈ...!

**ਡਾ.ਰਵੀ:**ਹਾਂ ਜੀ! ਇਸ ਨਾਲ ਉਜਾੜ ਪਏ ਇਲਾਕਿਆਂ ਵਿਚ ਫਿਰ ਤੋਂ ਪੰਛੀ, ਮਧੂਮੱਖੀਆਂ, ਤਿਤਲੀਆਂ ਦਾ ਵਾਸਾ ਹੋ ਜਾਵੇਗਾ ! ਜੈਵ-ਵਿਭਿੰਨਤਾ ਮੁੜ ਆਵੇਗੀ...! ਵਰਤਮਾਨ ਦੇ ਨਾਲ ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਸ੍ਰੋਤ ਨਹੀਂ ਮੁੱਕਣਗੇ !

**ਵਰਿੰਦਰ:** ਮੈਡਮ , ਸਰ ...! ਅਸੀਂ ਸਾਰੇ ਪੌਦਿਆਂ ਵਿਚ ਪਾਣੀ ਪਾ ਦਿੱਤਾ...

**ਡਾ.ਰਵੀ:** ਜੇਕਰ ਆਪਣੇ ਘਰ ਦੇ ਨੇੜੇ-ਤੇੜੇ ਜਾਂ ਸਕੂਲ ਦੇ ਰਸਤੇ ਵਿਚ ਤੁਹਾਨੂੰ ਕੋਈ ਪੌਦਾ ਮਿਲ ਜਾਵੇ ਤਾਂ ਉਸ ਵਿਚ ਵੀ ਪਾਣੀ ਅਤੇ ਖਾਦ ਜ਼ਰੂਰ ਪਾਉ…! ਧਿਆਨ ਦੀ ਘਾਟ ਕਾਰਨ ਕਿੰਨੇ ਹੀ ਰੁੱਖ ਲਗਾਉਣ ਦੇ ਕੁਝ ਵੀ ਦਿਨਾਂ ਬਾਅਦ ਹੀ ਮਰ ਜਾਂਦੇ ਹਨ.. ਤੁਸੀਂ ਅਜਿਹਾ ਨਹੀਂ ਹੋਣ ਦੇਣਾ !

**ਵਰਿੰਦਰ:** ਹਾਂ ਸਰ ! ਕ੍ਰਿਪਾ ਕਰਕੇ 17 ਜੂਨ ਨੂੰ ਫਿਰ ਆਇਉ… ਮੇਰੇ ਪਾਪਾ ਕਹਿੰਦੇ ਸਨ ਕਿ ਇਹ ਮਾਰੂਥਲੀਕਰਨ ਬਾਰੇ ਚੇਤਨਤਾ ਦਿਵਸ ਹੈ.. ਮੈਨੂੰ ਉਮੀਦ ਹੈ ਕਿ ਉਸ ਦਿਨ ਤੱਕ ਸਾਡੇ ਪੌਦੇ ਵੱਡੇ ਹੋ ਜਾਣਗੇ.. ਸਾਡੀ ਇਸ ਵਣ ਲਗਾਓ ਮੁਹਿੰਮ ਦੀ ਸਫਲਤਾ ਤੁਸੀਂ ਆਪ ਦੇਖੋਗੇ !

**ਡਾ.ਰਵੀ:** ਬੁਲਾਉਣ ਦੇ ਲਈ ਧੰਨਵਾਦ! ਜ਼ਰੂਰ ਆਵਾਂਗਾ…

**(ਸਾਰੇ ਤਾੜੀਆਂ ਵਜਾਉਂਦੇ ਹਨ।)**

ਪ੍ਰਸ਼ਨ:

ਪ੍ਰਸ਼ਨ-1 ਮਾਰੂਥਲੀਕਰਨ ਕਿਉਂ ਹੁੰਦਾ ਹੈ ?

ਉੱਤਰ: ਰੁਖਾਂ ਦੀ ਬੇਤਹਾਸ਼ਾ ਕਟਾਈ , ਜਿਆਦਾ ਚਰਾਈ ਤੇ ਬਹੁਤ ਜਿਆਦਾ ਵਹਾਈ !

ਪ੍ਰਸ਼ਨ -2 ਭਾਰਤ ਵਿੱਚ ਮਾਰੂਥਲੀਕਰਨ ਨੂੰ ਰੋਕਣ ਲਈ ਸਰਕਾਰ ਨੇ ਕਿਹੜੀ ਸੰਸਥਾ ਸਥਾਪਤ ਕੀਤੀ ਹੈ ?

ਉੱਤਰ: ਰਾਸ਼ਟਰੀ ਵਣੀਕਰਣ ਅਤੇ ਵਾਤਾਵਰਨੀ ਪ੍ਰਣਾਲੀ ਵਿਕਾਸ ਬੋਰਡ (National Afforestation and Eco-Development Board)